ਬੀ.ਏ ਭਾਗ ਪਹਿਲਾ (ਸਮੈਸਟਰ ਪਹਿਲਾ)    ਐਜੂਕੇਸ਼ਨ – ਪਰਚਾ ਏ

ਫਾਊਡੇਸ਼ਨ ਆਫ਼ ਐਜੂਕੇਸ਼ਨ

ਯੂਨਿਟ ਨੰ. 1

ਡਿਸਟੈਂਸ ਐਜੂਕੇਸ਼ਨ ਵਿਭਾਗ

ਪੰਜਾਬੀ ਯੂਨੀਵਰਸਿਟੀ, ਪਟਿਆਲਾ

(ਸਭ ਹੱਕ ਰਾਖਵੇਂ ਹਨ)

ਪਾਠ ਨੰ. :

ਭਾਗ : ੳ


1 : ਸਿੱਖਿਆ, ਸਕੰਲਪ, ਸਰੂਪ, ਖੇਤਰ ਅਤੇ ਕਾਰਜ

2 : ਸਿੱਖਿਆਂ ਦੀਆਂ ਕਿਸਮਾਂ

3 : ਸਿੱਖਿਆ ਦੇ ਉਦੇਸ਼, ਲੋੜ, ਮਹੱਤਤਾ ਅਤੇ ਸਿੱਖਿਆ ਦੇ ਉਦੇਸ਼ਾਂ ਨੂੰ ਨਿਰਧਾਰਿਤ ਕਰਨ ਵਾਲੇ ਕਾਰਕ

4 : ਸਿੱਖਿਆ ਦੇ ਉਦੇਸ਼


ਨੋਟ : ਵਿਦਿਆਰਥੀ ਸਿਲੇਬਸ ਵਿਭਾਗ ਦੀ ਵੈਬਸਾਈਟ www.dccpbi.com ਤੋਂ ਡਾਊਨਲੋਡ ਕਰਨ।

**ਬੀ.ਏ. ਭਾਗ ਪਹਿਲਾ (ਸਮੈਸਟਰ ਪਹਿਲਾ)** **ਐਜੂਕੇਸ਼ਨ**
**ਪਰਚਾ ਏ**

---

**ਪਾਠ ਨੰ.: 1.1** **ਲੇਖਿਕਾ : ਡਾ. ਮਨਜੀਤ ਕੌਰ**

---

# ਸਿੱਖਿਆ – ਸੰਕਲਪ, ਸਰੂਪ, ਖੇਤਰ ਅਤੇ ਕਾਰਜ

## ਪਾਠ ਦੀ ਬਣਤਰ (Structure of the Lesson)

1.1.1 ਪਾਠ ਦਾ ਉਦੇਸ਼ (Objectives of the Lesson)
1.1.2 ਪਾਠ ਦੀ ਜਾਣ-ਪਛਾਣ
1.1.3 ਸਿੱਖਿਆ ਦੇ ਅਰਥ ਅਤੇ ਪਰਿਭਾਸ਼ਾ
    1.1.3.1 ਸਿੱਖਿਆ ਸ਼ਬਦ ਦਾ ਮੂਲ ਅਰਥ
    1.1.3.2 ਸਿੱਖਿਆ ਦਾ ਅਰਥ
    1.1.3.3 ਸਿੱਖਿਆ ਦੀਆਂ ਪਰਿਭਾਸ਼ਾਵਾਂ
1.1.4 ਸਿੱਖਿਆ ਦਾ ਸੰਕਲਪ
1.1.5 ਸਿੱਖਿਆ ਦਾ ਸਰੂਪ
1.1.6 ਸਿੱਖਿਆ ਦਾ ਖੇਤਰ
    1.1.6.1 ਵਿਸਤ੍ਰਿਤ ਖੇਤਰ
    1.1.6.2 ਸੀਮਿਤ ਖੇਤਰ
1.1.7 ਸਿੱਖਿਆ ਦੇ ਕਾਰਜ
1.1.8 ਸਾਰ (Summary)
1.1.9 ਸੁਝਾਏ ਪ੍ਰਸ਼ਨ
1.1.10 ਸੁਝਾਈ ਪੁਸਤਕ ਸੂਚੀ

## 1.1.1 ਪਾਠ ਦੇ ਉਦੇਸ਼ :

1. ਇਸ ਪਾਠ ਨੂੰ ਪੜ੍ਹਨ ਉਪਰੰਤ ਵਿਦਿਆਰਥੀ ਸਿੱਖਿਆ ਸ਼ਬਦ ਤੋਂ ਜਾਣੂ ਹੋ ਸਕਣਗੇ।
2. ਸਿੱਖਿਆ ਦੇ ਸੰਕਲਪ ਨੂੰ ਸਪਸ਼ਟ ਕਰ ਸਕਣਗੇ।
3. ਸਿੱਖਿਆ ਦੇ ਸੁਭਾਅ ਅਤੇ ਖੇਤਰ ਬਾਰੇ ਜਾਣਕਾਰੀ ਪ੍ਰਾਪਤ ਕਰ ਸਕਣਗੇ।
4. ਸਿੱਖਿਆ ਦੇ ਕਾਰਜਾਂ ਬਾਰੇ ਸੂਚਨਾ ਪ੍ਰਾਪਤ ਕਰ ਸਕਣਗੇ।

## 1.1.2 ਪਾਠ ਦੀ ਜਾਣ-ਪਛਾਣ :

ਸਿੱਖਿਆ ਤੋਂ ਭਾਵ ਹੈ ਬੱਚੇ ਦੀਆਂ ਅੰਦਰੂਨੀ ਸ਼ਕਤੀਆਂ ਨੂੰ ਬਾਹਰ ਕੱਢ ਕੇ ਉਚਤਮ ਵਿਕਾਸ ਕਰਨਾ। ਭਾਵ ਹਰੇਕ ਬੱਚਾ ਆਪਣੇ ਅੰਦਰ ਕੁੱਝ ਸ਼ਕਤੀ ਵਿਦਮਾਨ ਰੱਖਦਾ ਹੈ, ਸਿੱਖਿਆ ਉਸ ਦੀਆਂ ਛੁਪੀਆਂ ਹੋਈਆਂ ਰੁਚੀਆਂ, ਮਨੋਬਿਰਤੀਆਂ ਨੂੰ ਬਾਹਰ ਕੱਢ ਕੇ ਇਨ੍ਹਾਂ ਦੇ ਵਿਕਸਿਤ ਹੋਣ ਵਿੱਚ ਮਦਦ ਕਰਦੀ ਹੈ। ਸਿੱਖਿਆ ਦੇ ਅਰਥ ਬਾਰੇ ਸਿੱਖਿਆ ਸ਼ਾਸਤਰੀ, ਦਾਰਸ਼ਨਿਕ ਅਤੇ ਮਨੋਵਿਗਿਆਨੀ ਵੱਖ-ਵੱਖ ਦ੍ਰਿਸ਼ਟੀਕੋਣ ਰਾਂਹੀ ਆਪਣੇ ਵਿਚਾਰ ਪ੍ਰਗਟ ਕਰਦੇ ਹਨ।

## 1.1.3 ਸਿੱਖਿਆ ਦੇ ਅਰਥ ਅਤੇ ਪਰਿਭਾਸ਼ਾ :

### 1.1.3.1 ਸਿੱਖਿਆ ਸ਼ਬਦ ਦਾ ਮੂਲ ਅਰਥ (Origin of the word 'Education')

ਸਿੱਖਿਆ ਦੇ ਅਰਥ ਨੂੰ ਠੀਕ ਪ੍ਰਕਾਰ ਨਾਲ ਸਮਝਣ ਲਈ ਅਸੀਂ ਸਿੱਖਿਆ ਸ਼ਬਦ ਦੇ ਮੂਲ ਦੀ ਘੋਖ ਕਰਦੇ ਹਾਂ। ਕਈ ਵਿਦਵਾਨਾਂ ਦਾ ਵਿਚਾਰ ਹੈ ਕਿ ‘‘ਸਿੱਖਿਆ ਸ਼ਬਦ ਦੀ ਉਤਪਤੀ ਸੰਸਕ੍ਰਿਤ ਦੇ ’ਸ਼ਿਸ਼’ ਸ਼ਬਦ ਤੋਂ ਹੋਈ ਜਿਸਦਾ ਅਰਥ ਹੈ ‘ਸਿਖਾਉਣਾ’ ਇਸ ਪ੍ਰਕਾਰ ਸਿੱਖਿਆ ਦਾ ਅਰਥ ਹੋਇਆ – ਮਨੁੱਖ ਨੂੰ ਉਹ ਕੁਝ ਬਣਾਉਣਾ ਜੋ ਉਹ ਨਹੀਂ ਹੈ।’ ਇਸੇ ਪ੍ਰਕਾਰ ‘ਵਿਦਿਆ’ ਸ਼ਬਦ ਦੀ ਉਤਪਤੀ ਸੰਸਕ੍ਰਿਤ ਦੇ ਸ਼ਬਦ ‘ਵਿਦ’ ਤੋਂ ਹੋਈ ਮੰਨੀ ਜਾਂਦੀ ਹੈ ਜਿਸ ਦਾ ਅਰਥ ਹੈ ’ਜਾਣਨਾ’। ਇਸ ਪ੍ਰਕਾਰ ਸਿੱਖਿਆ ਦੇ ਅਰਥ ਹੋਏ : ‘ਜਾਣਕਾਰੀ ਜਾਂ ਗਿਆਨ ਦੇਣ ਵਾਲਾ ਸਾਧਨ।’ ਸਿੱਟਾ ਇਹ ਹੋਇਆ ਕਿ ਪ੍ਰਾਚੀਨ ਭਾਰਤ ਵਿੱਚ ਸਿੱਖਿਆ ਜਾਂ ਵਿਦਿਆ ਨੂੰ ਮਨੁੱਖ ਦੇ ਵਿਕਾਸ ਅਤੇ ਗਿਆਨ ਪ੍ਰਾਪਤੀ ਦਾ ਸਾਧਨ ਮੰਨਿਆ ਜਾਂਦਾ ਸੀ।

ਕਈ ਵਿਦਵਾਨਾਂ ਦੇ ਅਨੁਸਾਰ ਅੰਗਰੇਜ਼ੀ ਦੇ ਸ਼ਬਦ ‘ਐਜੂਕੇਸ਼ਨ’ ਦੀ ਉਤਪਤੀ ਲਾਤੀਨੀ (latin) ਭਾਸ਼ਾ ਦੇ ਸ਼ਬਦ ‘ਐਜੂਕੇਅਰ’ (Educare) ਤੋਂ ਹੋਈ ਹੈ ਜਿਸ ਦਾ ਅਰਥ ਹੈ ‘ਪਾਲਣਾ ਕਰਨਾ’। ਇਸ ਪ੍ਰਕਾਰ ਇਹ ਵਿਦਵਾਨ ਸਿੱਖਿਆ ਨੂੰ ’ਪਾਲਣਾ ਕਰਨ’, ‘ਰਖਿਆ ਕਰਨ’ ਵਾਲਾ ਸਾਧਨ ਮੰਨਦੇ ਹਨ। ਕੁਝ ਦੂਜੇ ਵਿਦਵਾਨਾਂ ਅਨੁਸਾਰ ਐਜੂਕੇਸ਼ਨ ਸ਼ਬਦ ਦੀ ਉਤਪਤੀ ਲਾਤੀਨੀ ਸ਼ਬਦ ’ਐਜੂਸੀਅਰ’ (Educere) ਤੋਂ ਹੈ ਜਿਸ ਦਾ ਅਰਥ ਹੈ ‘ਉਘਾੜਨਾ’ ਜਾਂ ਵਿਕਾਸ ਕਰਨਾ। ਇਸ ਪ੍ਰਕਾਰ ਇਨ੍ਹਾਂ ਵਿਦਵਾਨਾਂ ਅਨੁਸਾਰ ਸਿੱਖਿਆ ਦਾ ਅਰਥ ਹੈ, ਬੱਚੇ ਅੰਦਰ ਪਹਿਲਾਂ ਹੀ ਸਥਿਤ ਸ਼ਕਤੀਆਂ ਅਤੇ ਪ੍ਰਵਿਰਤੀਆਂ ਨੂੰ ‘ਉਘਾੜਨਾ ਜਾਂ ਵਿਕਸਿਤ ਕਰਨਾ’ ਹੈ। ਕੁੱਝ ਹੋਰ ਵਿਦਵਾਨ ਕਹਿੰਦੇ ਹਨ ਕਿ ਐਜੂਕੇਸ਼ਨ (Education) ਦੀ ਉਤਪਤੀ ਦੋ ਸ਼ਬਦਾਂ '**E**' ਤੇ '**DUCO**' ਦੇ ਮੇਲ ਨਾਲ ਹੋਈ ਹੈ : – ‘E’ ਦੇ ਅਰਥ ਹਨ : ਬਾਹਰ ਕੱਢਣਾ ਅਤੇ ਡੂਕੋ (**DUCO**) ਦੇ ਅਰਥ ਹਨ : ਮੈਂ ਅਗਵਾਈ ਕਰਦਾ ਹਾਂ। ਇਸ ਪ੍ਰਕਾਰ ਇਹ ਵਿਦਵਾਨ ਕਹਿੰਦੇ ਹਨ ਕਿ ਸਿੱਖਿਆ ਬੱਚੇ ਦੀਆਂ ਸਾਰੀਆਂ ਸ਼ਕਤੀਆਂ – ਬੌਧਿਕ, ਨੈਤਿਕ, ਸਰੀਰਕ ਗੁਣਾਂ ਤੇ ਗਿਆਨ ਪ੍ਰਤਿਭਾਵਾਂ ਦਾ ਵਿਕਾਸ ਕਰਦੀ ਹੈ ਜੋ ਕਿ ਉਸ ਵਿਚ ਪਹਿਲਾਂ ਹੀ ਹੁੰਦੀਆਂ ਹਨ। ਜੇਮਜ਼ ਰੋਸ ਅਨੁਸਾਰ ਸਿੱਖਿਆ ਦੀ ਕਲਾ ਦਾ ਕੰਮ ਅਗਵਾਈ ਕਰਨਾ ਜਾਂ ਬਾਹਰ ਲਿਆਉਣਾ ਹੈ। ਇਸੇ ਪ੍ਰਕਾਰ ਗਾਂਧੀ ਜੀ ਕਹਿੰਦੇ ਹਨ ਕਿ ‘‘ਸਿੱਖਿਆ ਉਹ ਹੁੰਦੀ ਹੈ ਜੋ ਬੱਚਿਆਂ ਦੀਆਂ ਆਤਮਿਕ, ਬੌਧਿਕ ਤੇ ਸਰੀਰਕ ਸ਼ਕਤੀਆਂ ਨੂੰ ਬਾਹਰ ਲਿਆਉਂਦੀ ਹੈ ਅਤੇ ਵਿਕਸਿਤ ਕਰਦੀ ਹੈ।’’

ਉਪਰ ਦਿੱਤੇ ਵੇਰਵੇ ਤੋਂ ਅਸੀਂ ਵੇਖਦੇ ਹਾਂ ਕਿ, ਸਿੱਖਿਆ ਸ਼ਬਦ ਦੀ ਉਤਪਤੀ ਵੀ ਸਿੱਖਿਆ ਨੂੰ ਕਿਸੇ ਇਕ ਅਰਥ ਦੇ ਘੇਰੇ ਵਿੱਚ ਨਹੀਂ ਰੱਖਦੀ। ਆਓ, ਹੁਣ ਅਸੀਂ ਸਿੱਖਿਆ ਦੀਆਂ ਪਰਿਭਾਸ਼ਾਵਾਂ ਵੱਲ ਵੇਖੀਏ।

### 1.1.3.2 ਸਿੱਖਿਆ ਦਾ ਅਰਥ (Meaning of Education)

ਆਮ ਕਰਕੇ ਸਿੱਖਿਆ ਦਾ ਅਰਥ ਸਕੂਲਾਂ, ਕਾਲਜਾਂ ਅਤੇ ਹੋਰ ਸਿੱਖਿਆ ਸੰਸਥਾਵਾਂ ਵਿੱਚ ਕਰਾਈ ਜਾਂਦੀ ਪੜ੍ਹਾਈ ਤੋਂ ਲਿਆ ਜਾਂਦਾ ਹੈ। ਜਦੋਂ ਅਸੀਂ ਕਹਿੰਦੇ ਹਾਂ ਕਿ ਫਲਾਂਣੇ ਮਨੁੱਖ ਨੇ ਚੰਗੀ ਸਿੱਖਿਆ ਪ੍ਰਾਪਤ ਕੀਤੀ ਹੈ ਤਾਂ ਇਹ ਸਮਝਿਆ ਜਾਂਦਾ ਹੈ ਕਿ ਉਸ ਮਨੁੱਖ ਨੇ ਕਿਸੇ ਚੰਗੇ ਸਕੂਲ ਤੇ ਕਾਲਜ ਵਿਚ ਪੜ੍ਹਾਈ ਕੀਤੀ ਹੈ ਅਤੇ ਜਦੋਂ ਅਸੀਂ ਇਹ ਕਹਿੰਦੇ ਹਾਂ ਕਿ ਫਲਾਂਣੇ ਮਨੁੱਖ ਨੇ ਸਿੱਖਿਆ ਪ੍ਰਾਪਤ ਨਹੀਂ ਕੀਤੀ ਤਾਂ ਭਾਵ ਇਹ ਹੈ ਕਿ ਉਸ ਨੂੰ ਸਕੂਲ ਤੇ ਕਾਲਜ ਵਿੱਚ ਪੜ੍ਹਾਈ ਕਰਨ ਦੇ ਮੌਕੇ ਪ੍ਰਾਪਤ ਨਹੀਂ ਹੋਏ।

ਸਿੱਖਿਆ ਸ਼ਾਸਤਰੀਆਂ, ਦਾਰਸ਼ਨਿਕਾਂ ਅਤੇ ਵਿਦਵਾਨਾਂ ਨੇ ਸਿੱਖਿਆ ਦੇ ਅਰਥ ਤੇ ਬਹੁਤ ਪੁਰਾਣੇ ਸਮੇਂ ਤੋਂ ਵਿਚਾਰ ਕੀਤਾ ਹੈ ਅਤੇ ਭਿੰਨ ਭਿੰਨ ਸਮਿਆਂ ਵਿਚ ਵੱਖ-ਵੱਖ ਵਿਅਕਤੀਆਂ ਨੇ ਸਿੱਖਿਆ ਦੇ ਵਧੇਰੇ ਅਰਥ ਦਿੱਤੇ ਹਨ। ਪ੍ਰਾਚੀਨ ਕਾਲ ਵਿਚ ਭਾਰਤ ਵਿੱਚ ਸਿੱਖਿਆ ਨੂੰ ਮੁਕਤੀ ਪ੍ਰਾਪਤੀ ਦਾ ਇਕ ਸਾਧਨ ਮੰਨਿਆ ਜਾਂਦਾ ਸੀ। ਪਲੈਟੋ ਅਤੇ ਅਰਸਤੂ ਅਨੁਸਾਰ ਸਿੱਖਿਆ ਉਹ ਸਾਧਨ ਹੈ ਜਿਸ ਨਾਲ ਮਨੁੱਖ ਦੇ ਸਰੀਰ, ਮਨ ਤੇ ਬੁੱਧੀ ਦਾ ਵਿਕਾਸ ਹੁੰਦਾ ਹੈ। ਕੋਈ ਇਸ ਦੇ ਅਰਥ ਚਰਿੱਤਰ ਨਿਰਮਾਣ ਦੇ ਸਾਧਨ ਵਜੋਂ, ਕੋਈ ਕੰਮ-ਧੰਦੇ ਦੀ ਸਿਖਲਾਈ ਵਜੋਂ, ਕੋਈ ਆਤਮਾ ਦੇ ਵਿਕਾਸ ਦੇ ਸਾਧਨ ਵਜੋਂ, ਕੋਈ ਚੰਗੇ ਵਿਵਹਾਰ, ਚੰਗੀ ਬੋਲਚਾਲ ਦੀ ਪ੍ਰਾਪਤੀ ਵਜੋਂ ਤੇ ਕੋਈ ਵਿਅਕਤੀ ਨੂੰ ਉਸ ਦੇ ਵਾਤਾਵਰਣ ਅਨੁਸਾਰ ਢਾਲਣ ਦੇ ਸਾਧਨ ਵਜੋਂ ਲੈਂਦੇ ਹਨ। ਆਧੁਨਿਕ ਯੁੱਗ ਵਿਚ ਸਿੱਖਿਆ ਤੋਂ ਭਾਵ ਹੈ : "ਮਨੁੱਖ ਦੇ ਸਰੀਰਕ, ਮਾਨਸਿਕ, ਬੌਧਿਕ, ਨੈਤਿਕ ਤੇ ਅਧਿਆਤਮਿਕ ਪੱਖਾਂ ਦਾ ਵਿਕਾਸ ਹੀ ਮਨੁੱਖ ਦਾ ਸਰਬ-ਪੱਖੀ ਵਿਕਾਸ ਹੈ।" ਮਹਾਤਮਾ ਗਾਂਧੀ ਜੀ ਦੇ ਸ਼ਬਦਾਂ ਵਿੱਚ, "ਸਿੱਖਿਆ ਮਨੁੱਖ ਦੇ ਸਰੀਰ, ਮਨ ਅਤੇ ਆਤਮਾ ਦਾ ਉਚਤਮ ਵਿਕਾਸ ਹੈ।" ਸ਼ੰਕਰਾਚਾਰੀਆ ਦੇ ਅਨੁਸਾਰ, "ਸਿੱਖਿਆ ਮਨੁੱਖ ਨੂੰ ਸਵੈ-ਸੋਝੀ ਅਰਥਾਤ ਆਤਮ-ਪਛਾਣ ਕਰਵਾਉਂਦੀ ਹੈ।"

### 1.1.3.3 ਸਿੱਖਿਆ ਦੀਆਂ ਪਰਿਭਾਸ਼ਾਵਾਂ (Definitions of Education)

ਭਿੰਨ-ਭਿੰਨ ਦਾਰਸ਼ਨਿਕਾਂ, ਵਿਦਵਾਨਾਂ, ਵਿਚਾਰਕਾਂ ਤੇ ਸਿੱਖਿਆ ਸ਼ਾਸਤਰੀਆਂ ਨੇ ਸਿੱਖਿਆ ਦੀਆਂ ਵੱਖ-ਵੱਖ ਪਰਿਭਾਸ਼ਾਵਾਂ ਦਿੱਤੀਆਂ ਹਨ। ਕੁਝ ਪਰਿਭਾਸ਼ਾਵਾਂ ਹੇਠ ਲਿਖੀਆਂ ਹਨ :

ਉਪਨਿਸ਼ਦ : ਸਾ ਵਿਦਿਆ ਯਾ ਵਿਮੁਕਤੇ (ਸਿੱਖਿਆ ਉਹ ਹੈ ਜੋ ਮੁਕਤੀ ਕਰਵਾਉਂਦੀ ਹੈ।)

ਸ਼ੰਕਰਾਚਾਰੀਆ : ਸਿੱਖਿਆ ਆਤਮ-ਪ੍ਰਾਪਤੀ ਹੈ।

ਵਿਵੇਕਾਨੰਦ : ਸਿੱਖਿਆ ਮਨੁੱਖ ਵਿਚ ਪਹਿਲਾਂ ਤੋਂ ਹੀ ਵਿਦਮਾਨ ਦੈਵੀ ਸੰਪੂਰਨਤਾ ਦਾ ਵਿਖਾਵਾ ਹੈ।-?

ਅਰਬਿੰਦੋ ਘੋਸ : ਸਿੱਖਿਆ ਵਿਕਸਿਤ ਹੋ ਰਹੀ ਆਤਮਾ ਨੂੰ ਆਤਮ-ਗਿਆਨ ਪ੍ਰਾਪਤੀ ਵਿਚ ਸਹਾਇਤਾ ਕਰਨਾ ਹੈ।

ਟੈਗੋਰ : ਸਿੱਖਿਆ ਸਦੀਵੀ ਸੱਚਾਈ ਦੀ ਭਾਲ ਵਿਚ ਸਹਾਇਤਾ ਕਰਦੀ ਹੈ।

| | |
|---|---|
| ਮਹਾਤਮਾ ਗਾਂਧੀ : | ਸਿੱਖਿਆ ਮਨੁੱਖ ਦੇ ਸਰੀਰ, ਮਨਾਂ ਅਤੇ ਆਤਮਾਂ ਦਾ ਉਚਤਮ ਵਿਕਾਸ ਹੈ। |
| ਜਾਹਨ ਲੋਕ : | ਸਿੱਖਿਆ ਦਾ ਉਦੇਸ਼ ਹਰ ਪੱਖੋਂ ਪੂਰਨ, ਨੈਤਿਕ, ਚੰਗੇ ਸੁਭਾਅ ਦਾ ਚੰਗੀਆਂ ਆਦਤਾਂ ਵਾਲਾ ਮਨੁੱਖ ਬਣਾਉਣਾ ਹੈ। |
| ਰੂਸੋ : | ਸਿੱਖਿਆ ਮਾਨਵੀ ਸਮਾਜ ਤੋਂ ਰਹਿਤ ਕੁਦਰਤੀ ਸੁਤੰਤਰ ਮਨੁੱਖ ਦਾ ਵਿਕਾਸ ਹੈ। |
| ਪੈਸਟਾਲੋਜੀ : | ਸਿੱਖਿਆ ਮਨੁੱਖ ਦੀਆਂ ਅੰਦਰੂਨੀ ਸ਼ਕਤੀਆਂ ਦਾ ਕੁਦਰਤੀ ਇਕਸਾਰ ਅਤੇ ਉਨਤਸ਼ੀਲ ਵਿਕਾਸ ਹੈ। |
| ਫਰੋਇਬਲ : | ਬੀਜ ਵਿੱਚ ਜੋ ਹੈ ਉਸ ਨੂੰ ਬਾਹਰ ਕੱਢਣਾ ਹੀ ਸਿੱਖਿਆ ਹੈ, 'ਅੰਦਰਲੇ ਗੁਣਾਂ ਨੂੰ ਬਾਹਰ' ਕੱਢਣਾ ਹੀ ਸਿੱਖਿਆ ਹੈ। |
| ਹਰਬਰਟ ਸਪੈਸਰ : | ਸਿੱਖਿਆ ਦਾ ਅਰਥ ਹੈ ਭਰਪੂਰ ਜੀਵਨ। |
| ਜਾਹਨ ਡਿਊਈ : | ਸਿੱਖਿਆ ਮਨੁੱਖ ਦੀਆਂ ਉਨ੍ਹਾਂ ਸਾਰੀਆਂ ਯੋਗਤਾਵਾਂ ਦਾ ਵਿਕਾਸ ਹੈ ਜਿਹੜੀਆਂ ਉਸ ਨੂੰ ਆਪਣੇ ਵਾਤਾਵਰਣ ਉਤੇ ਕਾਬੂ ਪਾਉਣ ਵਿਚ ਅਤੇ ਆਪਣੀਆਂ ਖੂਬੀਆਂ ਨੂੰ ਪ੍ਰਫੁੱਲਤ ਕਰਨ ਵਿਚ ਸਹਾਇਤਾ ਦਿੰਦੀਆਂ ਹਨ। |
| ਟੀ.ਪੀ.ਨਨ : | ਸਿੱਖਿਆ ਬੱਚੇ ਦੇ ਵਿਅਕਤਿਤਵ ਦਾ ਪੂਰਨ ਵਿਕਾਸ ਹੈ ਤਾਂ ਜੋ ਉਹ ਮਾਨਵ ਜੀਵਨ ਵਿਚ ਆਪਣਾ ਮੌਲਿਕ ਯੋਗਦਾਨ ਦੇ ਸਕੇ। |
| ਟੀ.ਰੇਮਾਂਟ : | ਸਿੱਖਿਆ ਵਿਕਾਸ ਦਾ ਉਹ ਅਮਲ ਹੈ ਜਿਸ ਰਾਹੀਂ ਮਨੁੱਖ ਆਪਣੇ ਆਪ ਨੂੰ ਭੌਤਿਕ, ਸਮਾਜਿਕ ਅਤੇ ਅਧਿਆਤਮਿਕ ਵਾਤਾਵਰਣ ਨਾਲ ਇਕ ਮਿਕ ਕਰਦਾ ਹੈ। |
| ਪੈਸਟਾਲੋਜੀ : | ਸਿੱਖਿਆ ਮਨੁੱਖ ਦੀਆਂ ਅੰਦਰੂਨੀ ਸ਼ਕਤੀਆਂ ਦੀ ਕੁਦਰਤੀ, ਇਕਸਾਰ ਅਤੇ ਵਿਕਾਸਮੁੱਖੀ ਪ੍ਰਗਤੀ ਕਰਦੀ ਹੈ। |
| ਕੋਮੀਨੀਅਸ : | ਸਿੱਖਿਆ ਮਨੁੱਖ ਨੂੰ ਨਵਾਂ ਰੂਪ ਦਿੰਦੀ ਹੈ। |

## 1.1.4 ਸਿੱਖਿਆ ਦਾ ਸੰਕਲਪ :

ਵੱਖ-ਵੱਖ ਪਰਿਭਾਸ਼ਾਵਾਂ ਤੋਂ ਸਿੱਖਿਆ ਦੇ ਨਿਮਨਲਿਖਤ ਅਰਥ ਲਏ ਜਾ ਸਕਦੇ ਹਨ:-

**(i) ਸਿੱਖਿਆ ਆਤਮਿਕ ਵਿਕਾਸ ਦਾ ਸਾਧਨ ਹੈ :** ਕਈ ਵਿਚਾਰਵਾਨਾਂ ਨੇ ਵਿਸ਼ੇਸ਼ ਕਰਕੇ ਭਾਰਤੀ ਵਿਚਾਰਵਾਨਾਂ ਨੇ, ਜਿਵੇਂ ਸ਼ੰਕਰਾਚਾਰੀਆ, ਅਰਬਿੰਦੋ ਘੋਸ਼, ਟੈਗੋਰ ਤੇ ਮਹਾਤਮਾ ਗਾਂਧੀ ਆਦਿ ਨੇ, ਸਿੱਖਿਆ ਦਾ ਅਰਥ ਆਤਮਿਕ ਵਿਕਾਸ ਤੋਂ ਲਿਆ ਹੈ। ਉਨ੍ਹਾਂ ਅਨੁਸਾਰ ਸਿੱਖਿਆ ਉਹ ਪ੍ਰਕਿਰਿਆ ਹੈ ਜਿਸ ਰਾਹੀਂ ਮਨੁੱਖ ਦਾ ਆਤਮਿਕ ਵਿਕਾਸ ਹੁੰਦਾ ਹੈ।

**(ii) ਸਿੱਖਿਆ ਇਕ ਚੰਗੇ ਨਾਗਰਿਕ ਦੀ ਉਤਪੱਤੀ ਦਾ ਸਾਧਨ ਹੈ :** ਯੋਗਵਾਲਕ, ਕੋਟਲਯ ਅਤੇ ਜਾਹਨ ਮਿਲਟਨ ਆਦਿ ਵਿਚਾਰਕਾਂ ਨੇ ਸਿੱਖਿਆ ਰਾਹੀਂ ਚੰਗੇ ਨਾਗਰਿਕਾਂ ਦੀ ਉਤਪਤੀ ਤੇ ਜ਼ੋਰ ਦਿੱਤਾ ਹੈ। ਸੈਕੰਡਰੀ ਸਿੱਖਿਆ ਕਮਿਸ਼ਨ (1952-53) ਚ' ਵੀ ਸਿੱਖਿਆ ਦੁਆਰਾ ਵਿਦਿਆਰਥੀਆਂ ਨੂੰ ਉਭਰਦੇ ਲੋਕਰਾਜੀ, ਸਮਾਜਿਕ ਢਾਂਚੇ ਵਿੱਚ ਚੰਗੇ ਨਾਗਰਿਕਾਂ ਦੇ ਤੌਰ ਤੇ ਸਿਰਜਣਾਤਮਕ ਰੂਪ ਵਿੱਚ ਆਪਣਾ ਹਿੱਸਾ ਪਾਉਣ ਵਾਲੇ ਮਨੁੱਖ ਬਣਾਉਣ ਤੇ ਜ਼ੋਰ ਦਿੱਤਾ ਹੈ। ਇਸ ਪ੍ਰਕਾਰ ਇਨ੍ਹਾਂ ਪ੍ਰਚਾਰਕਾਂ ਅਨੁਸਾਰ ਸਿੱਖਿਆ ਦੇ ਅਰਥ ਇਕ ਚੰਗੇ ਨਾਗਰਿਕ ਦੀ ਉਤਪਤੀ ਦੇ ਸਾਧਨ ਵਜੋਂ ਹਨ।

**(iii) ਸਿੱਖਿਆ ਵਿਵਹਾਰ ਦੇ ਪਰਿਵਰਤਨ ਦਾ ਸਾਧਨ ਹੈ :** ਮਨੋਵਿਗਿਆਨੀਆਂ ਅਨੁਸਾਰ ਸਿੱਖਿਆ ਮੂਲ ਪ੍ਰਵਿਰਤੀਆਂ ਕਾਰਨ ਮਨੁੱਖ ਦੇ ਸਹਿਜ ਵਿਹਾਰ ਨੂੰ ਮਨੁੱਖੀ ਵਿਵਹਾਰ ਵਿਚ ਬਦਲ ਦਿੰਦੀ ਹੈ। ਉਦਾਹਰਣ ਵਜੋਂ ਬੱਚੇ ਦਾ ਵਿਵਹਾਰ ਸੁਆਰਥੀ ਹੁੰਦਾ ਹੈ ਪਰੰਤੂ ਜਦੋਂ ਉਹ ਪਰਿਵਾਰ ਤੇ ਸਮਾਜ ਦੇ ਸੰਪਰਕ ਵਿਚ ਆਉਂਦਾ ਹੈ ਤਾਂ ਉਸ ਦਾ ਸੁਆਰਥੀ ਵਿਵਹਾਰ ਬਦਲ ਜਾਂਦਾ ਹੈ ਅਤੇ ਉਹ ਅਨੁਸ਼ਾਸਿਤ, ਸਹਿਕਾਰੀ ਬਣ ਜਾਂਦਾ ਹੈ। ਵਿਅਕਤੀ ਵਿਚ ਕਈ ਮੂਲ ਪ੍ਰਵਿਰਤੀਆਂ ਪ੍ਰਭਾਵਸ਼ਾਲੀ ਹੁੰਦੀਆਂ ਹਨ ਜਿਵੇਂ ਘ੍ਰਿਣਾ ਪ੍ਰਵਿਰਤੀ, ਸੰਘਰਸ਼ ਪ੍ਰਵਿਰਤੀ, ਪ੍ਰਾਪਤੀ ਪ੍ਰਵਿਰਤੀ ਅਤੇ ਸਵੈ-ਆਗ੍ਰਹਿ ਪ੍ਰਵਿਰਤੀ ਆਦਿ। ਸਮਾਜ ਵਿੱਚ ਪ੍ਰਾਣੀਆਂ ਅਤੇ ਸੰਸਥਾਵਾਂ ਦੇ ਸੰਪਰਕ ਨਾਲ ਅਚੇਤ ਤੇ ਚੇਤ ਤਬਦੀਲੀਆਂ ਰਾਹੀਂ ਉਹ ਇਨ੍ਹਾਂ ਸਾਰੀਆਂ, ਮੂਲ ਪ੍ਰਵਿਰਤੀਆਂ ਨੂੰ ਸਮਾਜ ਦੇ ਪ੍ਰਚਲਿਤ ਢਾਂਚੇ ਅਨੁਸਾਰ ਪ੍ਰਫੁਲਿਤ ਕਰਦਾ ਹੈ। ਇਨ੍ਹਾਂ ਅਰਥਾਂ ਵਿਚ ਸਿੱਖਿਆ ਵਿਵਹਾਰ ਪਰਿਵਰਤਨ ਦਾ ਇਕ ਸਾਧਨ ਹੈ।

**(iv) ਸਿੱਖਿਆ ਇਕ ਸਿਖਲਾਈ ਹੈ :** ਸਿੱਖਿਆ ਤੋਂ ਸਿਖਲਾਈ ਦਾ ਭਾਵ ਵੀ ਲਿਆ ਜਾਂਦਾ ਹੈ। ਵਿਵਸਾਇਕ ਸਿੱਖਿਆ ਰੋਜ਼ੀ ਕਮਾਉਣ ਲਈ ਸਿਖਲਾਈ ਹੀ ਹੈ। ਬੱਚੇ ਵਿਚ ਸੋਚ ਸ਼ਕਤੀ ਅਤੇ ਸੂਝ ਪੈਦਾ ਕਰਕੇ ਇਨ੍ਹਾਂ ਦੁਆਰਾ ਆਪਣੀਆਂ ਜੀਵਨ ਸਮੱਸਿਆਵਾਂ ਦੇ ਹੱਲ ਲੱਭ ਸਕਣ ਦੀ ਸਿੱਖਿਆ ਜੀਵਨ ਲਈ ਇਕ ਸਿਖਲਾਈ ਹੀ ਹੈ। ਅਸਲ ਵਿੱਚ ਸਿੱਖਿਆ ਦਾ ਮੂਲ ਮੰਤਵ ਬੱਚਿਆਂ ਨੂੰ ਮਾਨਸਿਕ ਪ੍ਰਕਿਰਿਆ ਰਾਹੀਂ ਚੰਗੇ ਤੇ ਮਾੜੇ ਦਾ ਅੰਤਰ ਲੱਭਣ ਦੇ ਯੋਗ ਬਣਾਉਣਾ ਹੈ, ਇਸ ਨੂੰ ਅਸੀਂ ਟਰੇਨਿੰਗ ਵੀ ਕਹਿ ਸਕਦੇ ਹਾਂ - ਵਿਵੇਕ ਪੂਰਨ ਜੀਵਨ ਜੀਉਣ ਦੀ ਟਰੇਨਿੰਗ।

**(v) ਸਿੱਖਿਆ ਇਕ ਪ੍ਰਭਾਵ ਹੈ :** ਜੇਮਜ਼ ਰੋਜ਼ ਸਿੱਖਿਆ ਨੂੰ ਇਕ ਮਨੁੱਖ ਵਲੋਂ ਦੂਜੇ ਮਨੁੱਖ ਤੇ ਪਾਇਆ ਗਿਆ ਪ੍ਰਭਾਵ ਮੰਨਦਾ ਹੈ। ਐਡਮ ਅਨੁਸਾਰ ਸਿੱਖਿਆ ਇਕ ਪ੍ਰਭਾਵ ਵੀ ਹੈ, ਜਿਸ ਵਿੱਚ ਵਿਅਕਤੀ ਇਕ ਦੂਜੇ ਵਿਅਕਤੀ ਦੇ ਵਿਕਾਸ ਵਿਚ ਆਪਣੇ ਪ੍ਰਭਾਵ ਰਾਹੀਂ ਪਰਿਵਰਤਨ ਕਰਦਾ ਹੈ। ਅਧਿਆਪਕ ਦਾ ਵੀ ਇਹੀ ਮੂਲ ਮੰਤਵ ਹੈ। ਪਰੰਤੂ ਬੱਚੇ ਉਤੇ ਵਾਤਾਵਰਣ ਦਾ ਪ੍ਰਭਾਵ ਵੀ ਪੈਂਦਾ ਹੈ, ਕਈ ਵਾਰੀ ਤਾਂ ਵਾਤਾਵਰਣ ਦਾ ਪ੍ਰਭਾਵ ਸਿੱਖਿਅਕ ਦੇ ਪ੍ਰਭਾਵ ਨਾਲੋਂ ਵਧੇਰੇ ਪੈਂਦਾ ਹੈ। ਇਸ ਲਈ ਆਧੁਨਿਕ ਸਿੱਖਿਆ ਸ਼ਾਸਤਰੀ ਸਿੱਖਿਆ ਨੂੰ ਦੋ-ਧੁਰੀ ਪ੍ਰਕਿਰਿਆ ਦੀ ਬਜਾਇ ਤਿੰਨ-ਧੁਰੀ ਪ੍ਰਕਿਰਿਆ ਮੰਨਦੇ ਹਨ - ਇਕਧੁਰਾ ਬੱਚਾ, ਦੂਜਾ ਸਿੱਖਿਅਕ ਅਤੇ ਤੀਜਾ ਵਾਤਾਵਰਣ। ਪਰੰਤੂ ਸਿੱਖਿਆ ਹੈ ਤਾਂ ਪ੍ਰਭਾਵ, ਭਾਵੇਂ ਉਹ ਪੁਸਤਕਾਂ, ਲਾਇਬ੍ਰੇਰੀਆਂ ਆਦਿ ਦਾ ਪ੍ਰਭਾਵ ਹੀ ਹੋਵੇ, ਜਿਵੇਂ ਕਿ ਸਵੈ-ਸਿੱਖਿਆ ਵਿਚ ਹੁੰਦਾ ਹੈ।

**(vi) ਸਿੱਖਿਆ ਸਭਿਆਚਾਰ ਦਾ ਸੰਚਾਰ ਹੈ :** ਹਰ ਸਮਾਜ ਆਪਣੇ ਆਪ ਨੂੰ ਕਾਇਮ ਰਖਣਾ ਚਾਹੁੰਦਾ ਹੈ। ਇਸ ਲਈ ਹਰ ਪੀੜ੍ਹੀ ਆਪਣੇ ਉਤਰ-ਅਧਿਕਾਰੀਆਂ ਵਿਚ ਸਭਿਆਚਾਰ ਦਾ ਸੰਚਾਰ ਕਰਦੀ ਹੈ। ਤਾਂ ਜੋ ਇਸ ਦੀ ਸੰਭਾਲ ਹੋ ਸਕੇ। ਇਹ ਪ੍ਰਕਿਰਿਆ ਉਦੇਸ਼ ਪੂਰਨ ਹੁੰਦੀ ਹੈ ਅਤੇ ਇਸ ਲਈ ਸੰਸਥਾਵਾਂ ਕਾਇਮ ਕੀਤੀਆਂ ਜਾਂਦੀਆਂ ਹਨ ਜਿਵੇਂ ਕਿ ਸਕੂਲ ਆਦਿ। ਇਸ ਪ੍ਰਕਾਰ ਸਿੱਖਿਆ ਦਾ ਇਕ ਅਰਥ ਸਭਿਆਚਾਰ ਦਾ ਸੰਚਾਰ ਵੀ ਮੰਨਿਆ ਜਾਂਦਾ ਹੈ।

**(vii) ਸਿੱਖਿਆ ਇਕ ਅਗਵਾਈ ਹੈ :** ਸਿੱਖਿਆ ਦਾ ਅਰਥ ਅਗਵਾਈ ਵੀ ਮੰਨਿਆ ਜਾਂਦਾ ਹੈ। ਸਮਾਜ ਦੇ ਸੁਲਝੇ ਹੋਏ ਤੇ ਸਮਝਦਾਰ ਵਿਅਕਤੀ ਭਵਿੱਖ ਦੇ ਜੀਵਨ ਲਈ ਬੱਚਿਆਂ ਦੀ ਅਗਵਾਈ ਕਰਦੇ ਹਨ ਤਾਂ ਜੋ ਉਹ ਆਪਣੀਆਂ ਸ਼ਕਤੀਆਂ ਦਾ ਸਰਬ-ਪੱਖੀ ਵਿਕਾਸ ਕਰ ਸਕਣ ਤੇ ਸਮਾਜ ਵਿਚ ਆਪਣਾ ਯੋਗਦਾਨ ਪਾ ਸਕਣ। ਇਸ ਅਗਵਾਈ ਦੁਆਰਾ ਬੱਚੇ ਦੀ ਸਮਾਜ ਵਿਰੋਧੀ ਪ੍ਰਵਿਰਤੀਆਂ ਤੇ ਕਾਬੂ ਪਾਉਣ ਵਿਚ ਉਸ ਦੀ ਸਹਾਇਤਾ ਕੀਤੀ ਜਾਂਦੀ ਹੈ। ਅਗਵਾਈ ਦੀ ਸਫਲਤਾ ਲਈ ਜ਼ਰੂਰੀ ਹੈ

ਕਿ ਬੱਚਾ ਇਹ ਮਹਿਸੂਸ ਕਰੇ ਕਿ ਉਸ ਉਤੇ ਕੋਈ ਗੱਲ ਠੋਸੀ ਜਾ ਰਹੀ ਹੈ। ਇਸ ਲਈ ਅਗਵਾਈ ਦਾ ਇਹ ਗੁਣ ਹੁੰਦਾ ਹੈ ਕਿ ਉਹ ਅਚੇਤ ਹੋਵੇ। ਅਗਵਾਈ ਦੇਣ ਵਾਲੇ ਵਿਅਕਤੀ ਵਿਚ ਉਸ ਗੁਣ ਦਾ ਹੋਣਾ ਜ਼ਰੂਰੀ ਹੈ ਜਿਸ ਦੀ ਉਹ ਅਗਵਾਈ ਦੇ ਰਿਹਾ ਹੈ।

**(viii) ਸਿੱਖਿਆ ਸੱਭਿਆ ਮਨੁੱਖ ਦੀ ਉਤਪਤੀ ਦਾ ਸਾਧਨ ਹੈ :** ਸਿੱਖਿਆ ਦੁਆਰਾ ਮਨੁੱਖ ਅਨਪੜ੍ਹਤਾ ਤੇ ਬੇਇਲਮੀ ਤੋਂ ਛੁਟਕਾਰਾ ਪਾਉਂਦਾ ਹੈ। ਉਹ ਆਪਣੇ ਸੁਆਰਥੀ ਸੁਭਾਅ ਨੂੰ ਛੱਡ ਕੇ ਸਮਾਜਿਕ ਧਾਰਨਾਵਾਂ ਦੀ ਪਾਲਣਾ ਕਰਨਾ ਸਿੱਖਦਾ ਹੈ। ਸਿੱਖਿਆ ਉਸ ਵਿੱਚ ਪ੍ਰਚਲਿਤ ਸਮਾਜ ਤੇ ਸਭਿਆਚਾਰ ਦਾ ਸੰਚਾਰ ਕਰਕੇ ਅਤੇ ਸਮਾਜ ਵਿਚ ਵਾਪਰਦੀਆਂ ਤਬਦੀਲੀਆਂ ਰਾਹੀਂ ਆਪਣੇ ਗਿਆਨ ਤੇ ਤਜ਼ਰਬੇ ਦੀ ਪਰਖ ਲਈ ਮਜ਼ਬੂਤ ਕਰਕੇ, ਉਸ ਨੂੰ ਸਭਿਅਕ ਤੇ ਸਮਾਜਿਕ ਜੀਵ ਬਣਾਉਂਦੀ ਹੈ। ਉਨ੍ਹਾਂ ਨੂੰ ਇਕ ਚੰਗੇ ਨਾਗਰਿਕ ਦੇ ਤੌਰ ਤੇ ਆਪਣੇ ਫਰਜ਼ ਨਿਭਾਉਣ ਲਈ ਤਿਆਰ ਕਰਦੀ ਹੈ।

**(ix) ਸਿੱਖਿਆ ਸਰਬ ਪੱਖੀ ਬੱਚੇ ਦਾ ਵਿਕਾਸ ਹੈ :** ਆਧੁਨਿਕ ਸਿੱਖਿਆ ਸ਼ਾਸਤਰੀ ਸਿੱਖਿਆ ਦਾ ਅਰਥ ਬੱਚੇ ਦੇ ਸਰਬ-ਪੱਖੀ ਵਿਕਾਸ ਤੋਂ ਲੈਂਦੇ ਹਨ। ਸਰਬ-ਪੱਖੀ ਵਿਕਾਸ ਤੋਂ ਭਾਵ ਬੱਚੇ ਦੀਆਂ ਸਰੀਰਕ, ਮਾਨਸਿਕ ਨੈਤਿਕ ਅਤੇ ਅਧਿਆਤਮਕ ਸ਼ਕਤੀਆਂ ਦੇ ਵਿਕਾਸ ਤੋਂ ਲਿਆ ਜਾਂਦਾ ਹੈ। ਪੂਰਨ ਵਿਕਾਸ ਵਾਲਾ ਮਨੁੱਖ ਸਮਝਣ ਤੇ ਪਰਖਣ ਦੀ ਪੂਰਣ ਯੋਗਤਾ ਰੱਖਦਾ ਹੈ। ਉਹ ਪੂਰੀ ਤਰ੍ਹਾਂ ਸਮਝ ਸਕਦਾ ਹੈ ਕਿ ਉਸ ਦੇ ਚੌਗਿਰਦੇ ਵਿਚ ਕੀ ਹੋ ਰਿਹਾ ਹੈ, ਇਸ ਵਿੱਚ ਉਸ ਨੇ ਕੀ ਹਿੱਸਾ ਪਾਉਣਾ ਹੈ ਅਤੇ ਸਮਾਜਿਕ ਪਰਸਥਿਤੀਆਂ ਦੇ ਅਨੁਕੂਲ ਉਸ ਨੇ ਆਪਣੇ ਆਪ ਨੂੰ ਕਿਸ ਤਰ੍ਹਾਂ ਬਣਾਉਣਾ ਹੈ?

ਜਾਹਨ ਡਿਊਈ, ਮਹਾਤਮਾ ਗਾਂਧੀ ਅਤੇ ਟੀ.ਪੀ. ਨਨ ਆਦਿ ਸਿੱਖਿਆ ਸ਼ਾਸਤਰੀਆਂ ਨੇ ਸਿੱਖਿਆ ਦਾ ਅਰਥ ਮਨੁੱਖ ਦੇ ਸਰਬ-ਪੱਖੀ ਵਿਕਾਸ ਤੋਂ ਲਿਆ ਹੈ, ਭਾਵੇਂ ਵਿਕਾਸ ਦੀਆਂ ਵਿਧੀਆਂ ਉਨ੍ਹਾਂ ਦੇ ਆਪਣੇ-ਆਪਣੇ ਵਿਚਾਰਾਂ ਅਨੁਸਾਰ ਵੱਖਰੀਆਂ-ਵਖਰੀਆਂ ਹਨ। ਟੀ.ਪੀ.ਨਨ ਕਹਿੰਦੇ ਹਨ, ''ਸਿੱਖਿਆ ਹਰ ਮਨੁੱਖ ਲਈ... ਉਸ ਦੇ ਵਿਅਕਤਿਤਵ ਦਾ ਪੂਰਨ ਵਿਕਾਸ ਹੈ'' ਅਤੇ ਮਹਾਤਮਾ ਗਾਂਧੀ ਅਨੁਸਾਰ, ''ਸਿੱਖਿਆ ਮਨੁੱਖ ਦੇ ਸਰੀਰ, ਮਨ ਅਤੇ ਆਤਮਾ ਦਾ ਉਚਤਮ ਵਿਕਾਸ ਹੈ।''

ਬੱਚੇ ਅੰਦਰ ਕਈ ਸ਼ਕਤੀਆਂ ਹਨ - ਸ਼ਰੀਰਿਕ, ਮਨ, ਦਿਲ, ਆਤਮਾ ਆਦਿ। ਬੱਚੇ ਦੀਆਂ ਅੰਦਰਲੀਆਂ ਸ਼ਕਤੀਆਂ ਦਾ ਵਿਕਾਸ ਜਨਮ ਤੋਂ ਲੈ ਕੇ ਮੌਤ ਤੱਕ ਹੁੰਦਾ ਰਹਿੰਦਾ ਹੈ, ਸਕੂਲ ਜਾਂ ਕਾਲਜ ਦੀ ਪੜ੍ਹਾਈ ਨਾਲ ਖ਼ਤਮ ਨਹੀਂ ਹੋ ਜਾਦਾ। ਸਿੱਖਿਆ ਦਾ ਕਾਰਜ ਇਨ੍ਹਾਂ ਸਾਰੀਆਂ ਸ਼ਕਤੀਆਂ ਦੇ ਵਿਕਾਸ ਵਿੱਚ ਵਿਅਕਤੀਆਂ ਦੀ ਮਦਦ ਕਰਨਾ ਹੈ। ਬੱਚੇ ਦਾ ਸਰਬ-ਪੱਖੀ ਵਿਕਾਸ ਉਸ ਨੂੰ ਕੇਵਲ ਪਰਸਥਿਤੀਆਂ ਦੇ ਅਨੁਕੂਲ ਆਪਣੇ ਆਪ ਨੂੰ ਢਾਲਣ ਵਿਚ ਮਦਦ ਹੀ ਨਹੀਂ ਕਰਦਾ, ਸਗੋਂ ਕਈ ਵਾਰ ਉਹ ਪਰਸਥਿਤੀਆਂ ਨੂੰ ਬਦਲਣ ਵਿਚ ਵੀ ਸਫਲ ਹੋ ਜਾਂਦਾ ਹੈ ਅਤੇ ਇਸ ਪ੍ਰਕਾਰ ਸਮਾਜ ਅਤੇ ਵਾਤਾਵਰਣ ਵਿਚ ਸੁਧਾਰ ਲਿਆਉਣ ਦਾ ਕਾਰਨ ਬਣਦਾ ਹੈ।

ਬੱਚੇ ਦੇ ਸਰਬ-ਪੱਖੀ ਵਿਕਾਸ ਤੇ ਜ਼ੋਰ ਕਾਰਨ ਹੀ ਅੱਜ ਕੱਲ ਸਿੱਖਿਆ ਸੰਸਥਾਵਾਂ ਵਿਚ ਕਿਤਾਬੀ ਗਿਆਨ ਤੋਂ ਇਲਾਵਾ ਹੋਰ ਕਈ ਪ੍ਰੋਗਰਾਮ ਚਲਾਏ ਜਾਂਦੇ ਹਨ। ਜਿਵੇਂ ਖੇਡਾਂ, ਸੈਰ-ਸਪਾਟੇ, ਦੁਪਹਿਰ ਦਾ ਭੋਜਨ, ਪੇਟਿੰਗ ਮੁਕਾਬਲੇ, ਵਿਗਿਆਨ ਕਲੱਬ, ਪ੍ਰਾਰਥਨਾ ਸਭਾ ਆਦਿ।

### 1.1.5 ਸਿੱਖਿਆ ਦਾ ਸਰੂਪ (Nature of Education)

ਸਿੱਖਿਆ ਦਾ ਮਨੁੱਖੀ ਜੀਵਨ ਨਾਲ ਗੂੜ੍ਹਾ ਸਬੰਧ ਹੈ। ਸਿੱਖਿਆ ਕੇਵਲ ਮਨੁੱਖਾਂ ਦੀ ਪ੍ਰਕਿਰਿਆ ਹੈ। ਕੇਵਲ ਮਨੁੱਖ ਹੀ ਅਜਿਹਾ ਪ੍ਰਾਣੀ ਹੈ ਜੋ ਸਿੱਖਿਆ ਪ੍ਰਾਪਤ ਕਰ ਸਕਦਾ ਹੈ। ਘੋੜੇ ਨੂੰ, ਕੁੱਤੇ ਨੂੰ ਅਤੇ ਹੋਰ

ਪਸ਼ੂ ਪੰਛੀਆਂ ਨੂੰ ਸਿਖਲਾਈ ਦਿੱਤੀ ਜਾ ਸਕਦੀ ਹੈ, ਸਿੱਖਿਆ ਨਹੀਂ ਦਿੱਤੀ ਜਾ ਸਕਦੀ। ਘੋੜੇ, ਕੁੱਤੇ ਅਤੇ ਹੋਰ ਪਸ਼ੂ ਪੰਛੀ ਆਪਣੇ ਲਈ ਕੋਈ ਨਿਸ਼ਾਨੇ ਨਿਰਧਾਰਿਤ ਨਹੀਂ ਕਰਦੇ, ਉਨ੍ਹਾਂ ਦੇ ਨੈਤਿਕ ਜਾਂ ਬੌਧਿਕ ਮਿਆਰ ਨਹੀਂ ਹੁੰਦੇ। ਮਨੁੱਖ ਦੇ ਸਬੰਧ ਵਿੱਚ ਜੀਵਨ ਜਿਊਣ ਦੀ ਪ੍ਰਕਿਰਿਆ ਚੇਤਨ ਪ੍ਰਕਿਰਿਆ ਹੁੰਦੀ ਹੈ, ਉਨ੍ਹਾਂ ਵਿੱਚ ਆਪਣੇ ਜੀਵਨ ਨੂੰ ਜ਼ਿਆਦਾ ਚੰਗਾ ਬਣਾਉਣ ਦੀ ਸ਼ਕਤੀ ਹੁੰਦੀ ਹੈ। ਮਨੁੱਖਾਂ ਵਿਚ ਆਪਣੇ ਵਿਹਾਰ ਨੂੰ ਸੋਧਣ ਤੇ ਉਨਤ ਕਰਨ ਦੀ ਸ਼ਕਤੀ ਹੈ। ਮਨੁੱਖ ਪਸ਼ੂ ਜੀਵਨ ਤੋਂ ਉਪਰ ਉਠਿਆ ਹੈ। ਇਸ ਸ਼ਕਤੀ ਦੇ ਇਸਤੇਮਾਲ ਨਾਲ ਹੀ ਮਨੁੱਖ ਪਸ਼ੂ ਜੀਵਨ ਤੋਂ ਉਪਰ ਉਠਿਆ ਹੈ। ਸਿੱਖਿਆ ਜਨਮ ਤੋਂ ਮੌਤ ਤਕ ਜਾਰੀ ਰਹਿਣ ਵਾਲੀ, ਅੰਦਰਲੇ ਵਾਧੇ ਤੇ ਵਿਕਾਸ ਦੀ ਅਮੁੱਕ ਪ੍ਰਕਿਰਿਆ ਹੈ। ਸਿੱਖਿਆ ਦਾ ਸਹੀ ਅਰਥ ਮਨੁੱਖਤਾ ਨੂੰ ਮਾਨਵਤਾ ਦਾ ਪਾਠ ਪੜ੍ਹਾਉਣਾ ਅਤੇ ਜੀਵਨ ਨੂੰ ਵਿਕਾਸਸ਼ੀਲ ਸਭਿਆਚਾਰਕ ਅਤੇ ਸਭਿਆ ਬਣਾਉਣਾ ਹੈ। ਇਹ ਵਿਅਕਤੀ ਅਤੇ ਸਮਾਜ ਦੀ ਪ੍ਰਗਤੀ ਲਈ ਬਹੁਤ ਜ਼ਰੂਰੀ ਹੈ।

ਮਨੁੱਖੀ ਜੀਵਨ ਨੂੰ ਸੋਹਣਾ ਤੇ ਸੁੰਦਰ ਕੀ ਬਣਾਉਂਦਾ ਹੈ? ਕਿਸ ਪ੍ਰਕਾਰ ਦੇ ਜੀਵਨ ਜਿਊਣ ਨਾਲ ਮਨੁੱਖ ਨੂੰ ਆਤਮ ਸੰਤੁਸ਼ਟੀ ਮਿਲਦੀ ਹੈ। ਜੀਵਨ ਚੰਗਾ ਕਿਸ ਪ੍ਰਕਾਰ ਬਣਦਾ ਹੈ? ਜੀਵਨ ਨੂੰ ਚੰਗਾ, ਸੋਹਣਾ ਤੇ ਸੁੰਦਰ ਬਣਾਉਣ ਲਈ ਕੀ ਕਰਨਾ ਚਾਹੀਦਾ ਹੈ? ਇਸ ਪ੍ਰਕਾਰ ਦੇ ਅਨੇਕਾਂ ਪ੍ਰਸ਼ਨ ਹਰ ਮਨੁੱਖ ਦੇ ਮਨ ਵਿਚ ਆਉਂਦੇ ਹਨ ਜਦੋਂ ਉਹ ਆਪਣੀਆਂ ਸਰੀਰਕ, ਸਮਾਜਿਕ, ਧਾਰਮਿਕ ਅਤੇ ਦੂਜੀਆਂ ਲੋੜਾਂ ਸਬੰਧੀ ਵਿਚਾਰਦਾ ਹੈ। ਅਰਥਾਤ ਹਰ ਮਨੁੱਖ ਆਪਣੇ ਜੀਵਨ ਨੂੰ ਜ਼ਿਆਦਾ ਸੋਹਣਾ, ਜ਼ਿਆਦਾ ਚੰਗਾ, ਜ਼ਿਆਦਾ ਸੁੰਦਰ ਤੇ ਜ਼ਿਆਦਾ ਖੁਸ਼ ਬਣਾਉਣਾ ਚਾਹੁੰਦਾ ਹੈ ਅਤੇ ਪੂਰੀ ਚੇਤਨਤਾ ਨਾਲ ਇਸ ਲਈ ਕੋਸ਼ਿਸ਼ ਕਰਦਾ ਹੈ। ਵਿਸਤ੍ਰਿਤ ਅਰਥਾਂ ਵਿਚ ਅਜਿਹੀ ਕੋਸ਼ਿਸ਼ ਹੀ ਸਿੱਖਿਆ ਹੈ ਜਿਸ ਦਾ ਮੁਢਲਾ ਕਾਰਜ ਮਨੁੱਖ ਨੂੰ ਚੰਗੇ ਤੇ ਲਾਭਦਾਇਕ ਜੀਵਨ ਜਿਊਣ ਦੇ ਯੋਗ ਬਣਾਉਣਾ ਹੈ।

ਹਰ ਮਨੁੱਖ ਲਗਾਤਾਰ ਤੇ ਪੂਰੀ ਚੇਤਨਾ ਨਾਲ ਖੁਸ਼ੀ ਪ੍ਰਾਪਤ ਕਰਨ ਦੀ ਕੋਸ਼ਿਸ਼ ਕਰਦਾ ਹੈ, ਹੋ ਸਕਦਾ ਹੈ ਕਿ ਮਨੁਖ ਨੂੰ ਆਦਰਸ਼ਕ ਖੁਸ਼ੀ ਜੀਵਨ ਦੀ ਕਸੌਟੀ ਦਾ ਪਤਾ ਨਾ ਹੋਵੇ। ਪਰੰਤੂ ਜਿਵੇਂ ਉਹ ਖੁਸ਼ੀ ਪ੍ਰਾਪਤ ਕਰਨ ਲਈ ਕੋਸ਼ਿਸ਼ ਕਰਦਾ ਹੈ, ਉਸ ਨੂੰ ਘੱਟ ਖੁਸ਼ੀ ਵਾਲੇ ਜੀਵਨ ਤੇ ਵੱਧ ਖੁਸ਼ੀ ਵਾਲੀ ਜੀਵਨ ਵਿੱਚ ਅੰਤਰ ਦਾ ਪਤਾ ਲਗਦਾ ਜਾਂਦਾ ਹੈ ਅਤੇ ਇਸ ਪ੍ਰਕਾਰ ਉਸ ਨੂੰ ਇਸ ਦਿਸ਼ਾ ਵੱਲ ਹੋਰ ਵੱਧ ਕੋਸ਼ਿਸ਼ ਕਰਨ ਦੀ ਪ੍ਰੇਰਨਾ ਮਿਲਦੀ ਰਹਿੰਦੀ ਹੈ। ਇੰਝ ਕਰਨ ਲੱਗੇ ਵਾਤਾਵਰਣ ਨਾਲ ਉਸ ਦਾ ਨੇੜੇ ਦਾ ਸੰਪਰਕ ਹੁੰਦਾ ਹੈ ਜਿਸ ਦੇ ਸਿੱਟੇ ਵਜੋਂ ਕਿਰਿਆ ਤੇ ਪ੍ਰਤਿਕਿਰਿਆ ਹੁੰਦੀ ਹੈ ਜਿਸ ਤੋਂ ਮਨੁੱਖ ਨੂੰ ਪਤਾ ਚਲਦਾ ਹੈ ਕਿ ਉਸ ਦੇ ਯਤਨਾਂ ਦੀ ਸੋਧ ਠੀਕ ਹੈ ਜਾਂ ਗਲਤ। ਵਿਅਕਤੀ ਤੇ ਉਸ ਦੇ ਵਾਤਾਵਰਣ ਵਿਚਕਾਰ ਇਹ ਲਗਾਤਾਰ ਕਿਰਿਆ ਤੇ ਪ੍ਰਤਿਕਿਰਿਆ ਹੀ ਵਿਸਤ੍ਰਿਤ ਰੂਪ ਵਿੱਚ ਸਿੱਖਿਆ ਹੈ।

ਮਨੁੱਖ ਦਾ ਸੰਪਰਕ ਕੇਵਲ ਉਸ ਦੇ ਪ੍ਰਕਿਰਿਤਕ ਵਾਤਾਵਰਣ ਨਾਲ ਹੀ ਨਹੀਂ ਹੁੰਦਾ, ਸਗੋਂ ਸਮਾਜਿਕ, ਬੌਧਿਕ, ਆਤਮਿਕ, ਮਾਨਸਿਕ ਤੇ ਅਧਿਆਤਮਿਕ ਵਾਤਾਵਰਣ ਨਾਲ ਵੀ ਹੁੰਦਾ ਹੈ। ਸੱਚ ਤਾਂ ਇਹ ਹੈ ਕਿ ਮਨੁੱਖ ਲਈ ਪ੍ਰਕਿਰਤਿਕ ਵਾਤਾਵਰਣ ਨਾਲੋਂ ਮਾਨਸਿਕ ਅਤੇ ਸਮਾਜਿਕ ਵਾਤਾਵਰਣ ਦੀ ਮਹੱਤਤਾ ਕਿਤੇ ਜ਼ਿਆਦਾ ਹੈ ਅਤੇ ਉਸ ਦਾ ਇਹ ਵਾਤਾਵਰਣ ਬਹੁਤ ਕਿਰਿਆਸ਼ੀਲ ਹੈ। ਇਸ ਕਿਰਿਆਸ਼ੀਲ, ਮਾਨਸਿਕ ਅਤੇ ਸਮਾਜਿਕ ਵਾਤਾਵਰਣ ਦੇ ਸੰਪਰਕ ਰਾਹੀਂ ਮਨੁੱਖ ਦੀ ਖੁਸ਼ੀ ਪ੍ਰਾਪਤ ਕਰਨ ਦੀ ਕੋਸ਼ਿਸ਼ ਹੀ ਸਿੱਖਿਆ ਹੈ।

ਮਨੁੱਖ ਵਿੱਚ ਬੁੱਧੀ ਤੇ ਤਰਕ-ਸ਼ਕਤੀ ਹੈ। ਪਸ਼ੂਆਂ ਤੇ ਪੰਛੀਆਂ ਵਿੱਚ ਵੀ ਬੁੱਧੀ ਹੈ ਪਰੰਤੂ ਮਨੁੱਖ ਆਪਣੀ ਬੁੱਧੀ ਤੇ ਤਰਕ-ਸ਼ਕਤੀ ਦੀ ਸੋਚ-ਸਮਝ ਨਾਲ ਵਰਤੋਂ ਕਰਦਾ ਹੈ ਅਤੇ ਵੱਖ-ਵੱਖ ਮਾਧਿਅਮਾਂ ਦੁਆਰਾ ਆਪਣੇ ਵਿਚਾਰ, ਅਹਿਸਾਸ, ਇੱਛਾਵਾਂ, ਆਸ਼ਾਵਾਂ, ਡਰ ਆਦਿ ਦਾ ਪ੍ਰਗਟਾਵਾ ਕਰਦਾ ਹੈ। ਇਨ੍ਹਾਂ ਵਿਚੋਂ ਦੋ ਮਹੱਤਵਪੂਰਨ ਮਾਧਿਅਮ-ਇਸ਼ਾਰੇ ਤੇ ਸ਼ਬਦ ਹਨ। ਮਨੁੱਖ ਇਨ੍ਹਾਂ ਸ਼ਕਤੀਆਂ ਦਾ ਦੂਹਰਾ ਪ੍ਰਯੋਗ ਕਰ ਸਕਦਾ ਹੈ। ਉਹ ਦੂਜਿਆਂ ਦੇ ਇਸ਼ਾਰਿਆਂ ਤੇ ਦੂਜਿਆਂ ਦੁਆਰਾ ਕਹੇ ਗਏ ਸ਼ਬਦਾਂ ਨੂੰ ਸਮਝ ਸਕਦਾ ਹੈ ਅਤੇ ਆਪਣੇ ਵਿਚਾਰ, ਅਹਿਸਾਸ ਆਦਿ ਇਸ਼ਾਰਿਆਂ ਤੇ ਸ਼ਬਦਾਂ ਰਾਹੀਂ ਦੂਜਿਆ ਨੂੰ ਸਮਝ ਵੀ ਸਕਦਾ ਹੈ। ਦੂਜਿਆਂ ਨਾਲ ਇਸ਼ਾਰਿਆਂ ਤੇ ਸ਼ਬਦਾਂ ਰਾਹੀਂ ਇਸ ਪ੍ਰਕਾਰ ਸੰਪਰਕ ਵਿਚ ਆਉਣ ਦੀ ਇਸ ਸ਼ਕਤੀ ਕਾਰਨ ਮਨੁੱਖ ਨੇ ਪਸ਼ੂਆਂ ਤੋਂ ਬਿਲਕੁਲ ਵੱਖਰਾ ਵਾਤਾਵਰਣ ਆਪਣੇ ਲਈ ਬਣਾਇਆ ਹੈ। ਇਹ ਵਾਤਾਵਰਣ ਹੈ ਸਮਾਜਿਕ ਵਾਤਾਵਰਣ। ਸਮਾਜਿਕ ਵਾਤਾਵਰਣ ਦੇ ਕਾਰਨ ਹੀ ਮਨੁੱਖ ਨੇ ਉਨਤੀ ਕੀਤੀ ਹੈ ਅਤੇ ਕਰ ਰਿਹਾ ਹੈ। ਮਨੁੱਖ ਦੇ ਵਿਅਕਤਿਤਵ ਦਾ ਵਿਕਾਸ ਕੇਵਲ ਸਮਾਜਿਕ ਵਾਤਾਵਰਣ ਵਿੱਚ ਪ੍ਰਵੇਸ਼ ਕਰਨ ਨਾਲ ਹੀ ਸੰਭਵ ਹੁੰਦਾ ਹੈ। ਸਮਾਜਿਕ ਵਾਤਾਵਰਣ ਵਿੱਚ ਪ੍ਰਵੇਸ਼ ਕਰਕੇ ਮਨੁੱਖ ਆਪਣੀਆਂ ਸ਼ਕਤੀਆਂ ਦਾ ਚੰਗੇ ਕੰਮਾਂ ਲਈ ਜਾਂ ਮਾੜੇ ਕੰਮਾਂ ਲਈ ਪ੍ਰਯੋਗ ਕਰ ਸਕਦਾ ਹੈ। ਸਿੱਖਿਆ ਮਨੁੱਖ ਨੂੰ ਆਪਣੀਆਂ ਸ਼ਕਤੀਆਂ ਦੇ ਇਸਤੇਮਾਲ ਨਾਲ ਚੰਗੇ ਕੰਮਾਂ ਲਈ ਕਰਨ ਦੇ ਯੋਗ ਬਣਾਉਂਦੀ ਹੈ। ਇਸ ਨਾਲ ਮਨੁੱਖ ਨੂੰ ਨਾ ਕੇਵਲ ਆਪਣੇ ਜੀਵਨ ਵਿਚ ਸੁਧਾਰ ਲਿਆਉਣ ਵਿਚ ਹੀ, ਸਗੋਂ ਸਮਾਜਿਕ ਵਾਤਾਵਰਣ ਵਿਚ ਵੀ ਉਨਤੀ ਤੇ ਵਿਕਾਸ ਲਈ ਸਹਾਇਤਾ ਮਿਲਦੀ ਹੈ। ਇਸ ਪ੍ਰਕਾਰ ਸਿੱਖਿਆ ਜੀਵਨ ਦੀ ਉਹ ਪ੍ਰਕਿਰਿਆ ਹੈ ਜਿਸ ਨਾਲ ਜੀਵਨ ਚੰਗਾ ਬਣਦਾ ਹੈ। ਜੀਵਨ ਅਜਿਹਾ ਬਣਦਾ ਹੈ ਜੋ ਕੇਵਲ ਵਿਅਕਤੀ ਦੁਆਰਾ ਨਿੱਜੀ ਰੂਪ ਵਿਚ ਹੀ ਨਹੀਂ ਸਗੋਂ ਦੂਜਿਆਂ ਨਾਲ ਮਿਲ ਕੇ ਵੀ ਚੰਗੀ ਤਰ੍ਹਾਂ ਬਤੀਤ ਕੀਤਾ ਜਾ ਸਕੇ।

ਇਸ ਪ੍ਰਕਾਰ ਚੰਗੇ ਜੀਵਨ ਦੀ ਪ੍ਰਾਪਤੀ ਲਈ ਸਿੱਖਿਆ ਜ਼ਰੂਰੀ ਹੈ। ਸਿੱਖਿਆ ਉਨ੍ਹਾਂ ਨਿਸ਼ਾਨਿਆਂ ਦੀ ਪ੍ਰਾਪਤੀ ਦਾ ਸਾਧਨ ਹੈ ਜਿਨ੍ਹਾਂ ਕਰਕੇ ਮਨੁੱਖ ਆਪਣੇ ਆਪ ਨੂੰ ਦੂਜਿਆ ਪਸ਼ੂਆਂ ਤੋਂ ਉਚਾ ਮੰਨਦਾ ਹੈ। ਮਨੁੱਖ ਦੀਆਂ ਅਸਲੀ ਲੋੜਾਂ ਉਹ ਪ੍ਰਾਕਿਰਤਿਕ ਲੋੜਾਂ ਨਹੀਂ ਹਨ ਜਿਹੜੀਆਂ ਪਸ਼ੂਆਂ ਨਾਲ ਸਾਂਝੀਆਂ ਹਨ, ਮਨੁੱਖ ਦੀਆਂ ਅਸਲੀ ਲੋੜਾਂ ਤਾਂ ਉਨ੍ਹਾਂ ਉਚੇ ਉਦੇਸ਼ਾਂ ਤੇ ਕੀਮਤਾਂ ਨਾਲ ਸਬੰਧਿਤ ਹਨ, ਜਿਨ੍ਹਾਂ ਦਾ ਸਬੰਧ ਉਨ੍ਹਾਂ ਦੀ ਆਪਣੇ ਮਨੁੱਖ ਸਾਥੀਆਂ ਅਤੇ ਪਰਮਾਤਮਾ ਨਾਲ ਸਾਂਝ ਹੈ ਅਤੇ ਜਿਸ ਸਾਂਝ ਕਾਰਨ ਉਨ੍ਹਾਂ ਦੀਆਂ ਸਮਾਜਿਕ, ਆਤਮਿਕ, ਬੌਧਿਕ ਅਤੇ ਨੈਤਿਕ ਲੋੜਾਂ ਪੂਰੀਆਂ ਹੁੰਦੀਆਂ ਹਨ। ਮਨੁੱਖ ਸਮਾਜਿਕ ਪ੍ਰਾਣੀ ਹੈ, ਸਮਾਜ ਬਿਨਾਂ ਕੋਈ ਮਨੁੱਖ ਨਹੀਂ ਰਹਿ ਸਕਦਾ। ਪਰੰਤੂ ਸਮਾਜ ਵਿੱਚ ਰਹਿਣ ਤੇ ਵਿਚਰਣ ਲਈ ਮਨੁੱਖ ਲਈ ਸਮਾਜਿਕ ਯੋਗਤਾ ਪ੍ਰਾਪਤ ਕਰਨਾ ਜ਼ਰੂਰੀ ਹੈ, ਅਰਥਾਤ ਮਨੁੱਖ ਕੇਵਲ ਸਮਾਜਿਕ ਤੌਰ-ਤਰੀਕੇ ਹੀ ਨਾ ਸਿੱਖੇ, ਸਗੋਂ ਸਮਾਜ ਦੇ ਵਿਕਾਸ ਵਿੱਚ ਆਪਣੀ ਦੇਣ ਪਾਉਣ ਦੇ ਯੋਗ ਵੀ ਹੋਵੇ। ਕੇਵਲ ਸਿੱਖਿਆ ਹੀ ਮਨੁੱਖ ਨੂੰ ਸਮਾਜਿਕ ਯੋਗਤਾ ਪ੍ਰਾਪਤ ਕਰਵਾਉਂਦੀ ਹੈ। ਸਿੱਖਿਆ-ਦੁਆਰਾ ਹੀ ਮਨੁੱਖ ਸਮਾਜਿਕ ਤੌਰ ਤਰੀਕੇ ਸਿੱਖਦਾ ਹੈ ਅਤੇ ਸਮਾਜ ਵਿੱਚ ਆਪਣਾ ਭਾਗ ਪਾਉਣ ਦੀ ਯੋਗਤਾ ਪ੍ਰਾਪਤ ਕਰਦਾ ਹੈ।

ਇਸ ਪ੍ਰਕਾਰ ਸਿੱਖਿਆ ਸਮੁੱਚੇ ਜੀਵਨ ਦੀ ਪ੍ਰਕਿਰਿਆ ਹੈ। ਇਹ ਵਿਅਕਤੀ ਨੂੰ ਆਪਣੇ ਸਰੀਰ ਨੂੰ ਵਿਕਸਿਤ ਕਰਨ ਤੇ ਇਸ ਨੂੰ ਚੰਗੀ ਸਥਿਤੀ ਵਿਚ ਰੱਖਣਾ ਸਿਖਾਉਂਦੀ ਹੈ। ਆਪਣੀ ਮਾਨਸਿਕ ਸਿਹਤ ਨੂੰ ਠੀਕ ਰੱਖਣ ਦੀ ਜਾਂਚ ਪ੍ਰਾਪਤ ਕਰਨਾ ਵੀ ਸਿੱਖਿਆ ਹੈ। ਆਪਣੇ ਦੂਜੇ ਮਨੁੱਖ ਸਾਥੀਆਂ ਨਾਲ ਮਿਲ

ਕੇ ਰਹਿਣ ਦੀ ਜਾਂਚ ਪ੍ਰਾਪਤ ਕਰਨਾ ਵੀ ਸਿੱਖਿਆ ਹੈ ਅਤੇ ਸਮਾਜਿਕ ਵਾਤਾਵਰਣ ਵਿਚ ਆਪਣੀ ਸਾਂਝ ਪਾਉਣ ਦੀ ਜਾਂਚ ਪ੍ਰਾਪਤ ਕਰਨਾ ਵੀ ਸਿੱਖਿਆ ਹੈ।

### 1.1.6 ਸਿੱਖਿਆ ਦਾ ਖੇਤਰ (Scope of Education)

**1.1.6.1 ਵਿਸਤ੍ਰਿਤ ਖੇਤਰ :** ਸਿੱਖਿਆ ਦੇ ਸਰੂਪ ਦੀ ਵਿਆਖਿਆ ਤੋਂ ਸਪਸ਼ਟ ਹੈ ਕਿ ਸਿੱਖਿਆ ਦੇ ਵਿਸਤ੍ਰਿਤ ਜਾਂ ਵਿਆਪਕ ਖੇਤਰ ਵਿਚ ਉਹ ਸਾਰੇ ਪ੍ਰਭਾਵ ਆ ਜਾਂਦੇ ਹਨ, ਜੋ ਜਨਮ ਤੋਂ ਲੈ ਕੇ ਮੌਤ ਤੱਕ ਮਨੁੱਖ ਉਤੇ ਪੈਂਦੇ ਹਨ। ਜੀਵਨ ਦੇ ਸਮੁੱਚੇ ਅਨੁਭਵ ਸਿੱਖਿਆ ਦੇ ਵਿਸਤ੍ਰਿਤ ਖੇਤਰ ਵਿਚ ਆਉਂਦੇ ਹਨ। ਕਿਹਾ ਗਿਆ ਹੈ ਕਿ "ਸਿੱਖਿਆ ਹੀ ਜੀਵਨ ਹੈ ਅਤੇ ਜੀਵਨ ਹੀ ਸਿੱਖਿਆ ਹੈ।" ਕਈ ਸਿੱਖਿਆ ਸ਼ਾਸਤਰੀ ਤਾਂ ਜੀਵਨ ਦੀਆਂ ਛੋਟੀਆਂ-ਛੋਟੀਆਂ ਘਟਨਾਵਾਂ ਜਿਵੇਂ ਕਿ ਮੱਛਰ ਲੜਨਾ, ਫਿਸਲ ਕੇ ਡਿੱਗਣਾ ਆਦਿ ਨੂੰ ਵੀ ਸਿੱਖਿਆ ਦੇ ਖੇਤਰ ਵਿੱਚ ਸ਼ਾਮਲ ਕਰਦੇ ਹਨ। ਅੰਤਰਰਾਸ਼ਟਰੀ ਸਿੱਖਿਆ ਕਮਿਸ਼ਨ ਨੇ ਜੀਵਨ ਪ੍ਰਯੱਤਨ ਸਿੱਖਿਆ ਦਾ ਨਾਹਰਾ ਦਿੱਤਾ ਹੈ। ਇਸ ਪ੍ਰਕਾਰ ਇਸ ਕਮਿਸ਼ਨ ਨੇ ਮਨੁੱਖ ਦੇ ਸਮੁੱਚੇ ਜੀਵਨ ਵਿਚ ਆਉਣ ਵਾਲੀਆਂ ਸਾਰੀਆਂ ਘਟਨਾਵਾਂ ਦੇ ਪ੍ਰਭਾਵਾਂ ਨੂੰ, ਜਿਨ੍ਹਾਂ ਨਾਲ ਉਸ ਦੇ ਵਿਹਾਰ, ਸੋਚਣੀ, ਕੀਮਤਾਂ ਅਤੇ ਇਰਾਦਿਆਂ ਦਾ ਵਿਕਾਸ ਹੁੰਦਾ ਹੈ, ਸਿੱਖਿਆ ਦੇ ਖੇਤਰ ਵਿੱਚ ਸ਼ਾਮਲ ਕੀਤਾ ਹੈ।

ਮਹਾਤਮਾ ਗਾਂਧੀ ਜੀ ਨੇ ਕਿਹਾ ਕਿ "ਸਿੱਖਿਆ ਕੇਵਲ ਜਾਣਕਾਰੀ ਨਹੀਂ, ਸਿੱਖਿਆ ਤਾਂ ਸਮੁੱਚੇ ਵਿਕਾਸ ਨਾਲ ਸਬੰਧਿਤ ਹੈ। ਮਹਾਨ ਸਿਖਿੱਆ ਸ਼ਾਸਤਰੀ ਜੌਨ ਸਟੁਅਰਟ ਮਿੱਲ ਅਨੁਸਾਰ ਭੌਤਿਕ ਤੱਤਾਂ, ਜਿਵੇਂ ਪੌਣ-ਪਾਣੀ, ਭੂਮੀ ਅਤੇ ਸਥਾਨਿਕ ਅਵਸਥਾ ਆਦਿ। ਸਮਾਜਿਕ ਤੱਤਾਂ, ਜਿਵੇਂ ਕਾਨੂੰਨ, ਸਰਕਾਰ ਦੀ ਕਿਸਮ, ਉਦਯੋਗਿਕ ਕਲਾ, ਸਮਾਜਿਕ ਜੀਵਨ ਦਾ ਢਾਂਚਾ ਆਦਿ ਦੇ ਮਨੁੱਖੀ ਚਰਿੱਤਰ ਅਤੇ ਮਨੁੱਖੀ ਮਨ ਦੇ ਪਏ ਸਾਰੇ ਪ੍ਰਭਾਵ ਸਿੱਖਿਆ ਹੀ ਹਨ। ਇਸ ਪ੍ਰਕਾਰ ਸਿੱਖਿਆ ਦੇ ਵਿਸਤ੍ਰਿਤ ਖੇਤਰ ਵਿੱਚ ਉਹ ਸਾਰੇ ਪ੍ਰਭਾਵ ਸ਼ਾਮਲ ਹਨ, ਜਿਹੜੇ ਬਚਪਨ ਤੋਂ ਲੈ ਕੇ ਮਰਨ ਤੱਕ ਮਨੁੱਖ ਤੇ ਸਿੱਧੇ ਜਾਂ ਅਸਿੱਧੇ ਰੂਪ ਵਿਚ ਪੈਂਦੇ ਹਨ। ਸਿੱਖਿਆ ਦੇ ਵਿਅਕਤਿੱਤਵ ਦਾ ਵਿਕਾਸ ਹੁੰਦਾ ਹੈ। ਲੋੜ ਅਨੁਸਾਰ 'ਜੋ ਕੁਝ ਮਨੁੱਖ ਹੈ ਅਤੇ ਜੋ ਕੁਝ ਉਹ ਨਹੀਂ ਹੈ, ਸਿੱਖਿਆ ਕਾਰਨ ਹੀ ਹੈ।' ਮਨੁੱਖ ਦਾ ਵਿਅਕਤਿਤੱਵ ਕਿਸੇ ਇਕ ਵਿਸ਼ੇਸ਼ ਸਮੇਂ ਵਿੱਚ ਵਿਕਸਿਤ ਨਹੀਂ ਹੁੰਦਾ। ਜਿਵੇਂ ਮਨੁੱਖ ਜੀਵਨ ਵਿੱਚ ਅੱਗੇ ਤੁਰਦਾ ਜਾਂਦਾ ਹੈ ਅਤੇ ਜਿਵੇਂ ਜਿਵੇਂ ਉਹ ਭੌਤਿਕ ਤੇ ਸਮਾਜਿਕ ਵਾਤਾਵਰਣ ਨਾਲ ਸੰਪਰਕ ਕਾਰਨ ਅਨੁਭਵ ਪ੍ਰਾਪਤ ਕਰਦਾ ਹੈ, ਉਸ ਦਾ ਵਿਅਕਤਿੱਤਵ ਵਿਕਸਿਤ ਹੁੰਦਾ ਜਾਂਦਾ ਹੈ। ਸਮੁੱਚੇ ਜੀਵਨ ਵਿਚ ਇਹ ਸਮੁੱਚੇ ਅਨੁਭਵ ਹੀ ਵਿਸਤ੍ਰਿਤ ਅਰਥਾਂ ਵਿਚ ਸਿੱਖਿਆ ਦਾ ਖੇਤਰ ਹਨ। ਇਨ੍ਹਾਂ ਅਰਥਾਂ ਵਿਚ ਮਨੁੱਖ ਦੇ ਸੰਪੂਰਨ ਵਿਕਾਸ ਦੀ ਪ੍ਰਕਿਰਿਆ, ਜਿਸ ਵਿੱਚ ਮਨੁੱਖ ਦਾ ਸਰੀਰਕ, ਮਾਨਸਿਕ, ਬੌਧਿਕ ਅਤੇ ਅਧਿਆਤਮਿਕ ਵਿਕਾਸ ਸ਼ਾਮਲ ਹੈ, ਸਿੱਖਿਆ ਦਾ ਖੇਤਰ ਹੈ। ਸਕੂਲ ਜਾਂ ਕਾਲਜ ਦੀ ਪੜ੍ਹਾਈ ਖ਼ਤਮ ਹੋ ਜਾਣ ਨਾਲ ਸਿੱਖਿਆ ਖਤਮ ਨਹੀਂ ਹੋ ਜਾਂਦੀ, ਸਿੱਖਿਆ ਦਾ ਅਮਲ ਤਾਂ ਮੌਤ ਤੱਕ ਚਲਦਾ ਰਹਿੰਦਾ ਹੈ। ਅਸਲ ਵਿੱਚ ਵਿਆਪਕ ਅਰਥਾਂ ਵਿੱਚ ਮਨੁੱਖ ਦਾ ਸਾਰਾ ਜੀਵਨ ਹੀ ਸਿੱਖਿਆ ਦਾ ਖੇਤਰ ਹੈ। ਸਿੱਖਿਆ ਦਾ ਖੇਤਰ ਵਿਸ਼ਾਲ ਹੈ। ਕਿਸੇ ਵੀ ਵਿਅਕਤੀ ਵਾਸਤੇ ਸਿੱਖਿਆ ਦੇ ਸਾਰੇ ਖੇਤਰਾਂ ਵਿੱਚ ਨਿਪੁੰਨਤਾ ਪ੍ਰਾਪਤ ਕਰ ਲੈਣਾ ਅਸੰਭਵ ਹੈ।"

**1.1.6.2 ਸੀਮਿਤ ਖੇਤਰ :** ਸੀਮਿਤ ਅਰਥਾਂ ਵਿੱਚ ਸਿੱਖਿਆ ਉਹ ਹੈ ਜੋ ਸਕੂਲਾਂ, ਕਾਲਜਾਂ ਤੇ ਹੋਰ ਸਿੱਖਿਆ ਸੰਸਥਾਵਾਂ ਵਿੱਚ ਦਿੱਤੀ ਜਾਂਦੀ ਹੈ। ਇਨ੍ਹਾਂ ਅਰਥਾਂ ਵਿਚ ਵਿਅਕਤੀ ਦੀ ਸਿੱਖਿਆ ਉਦੋਂ

ਆਰੰਭ ਹੁੰਦੀ ਹੈ ਜਦੋਂ ਉਹ ਸਕੂਲ ਵਿੱਚ ਦਾਖਲ ਹੁੰਦਾ ਹੈ ਅਤੇ ਉਦੋਂ ਸਮਾਪਤ ਹੋ ਜਾਂਦੀ ਹੈ ਜਦੋਂ ਉਹ ਸਕੂਲ ਛੱਡ ਦਿੰਦਾ ਹੈ ਅਤੇ ਪੜ੍ਹਾਈ ਬੰਦ ਕਰ ਦਿੰਦਾ ਹੈ। ਇਸ ਪ੍ਰਕਾਰ ਸਿੱਖਿਆ ਦੇ ਸੀਮਿਤ ਖੇਤਰ ਵਿੱਚ ਵਿਅਕਤੀ ਉਤੇ ਸਕੂਲ, ਕਾਲਜ ਅਤੇ ਸਿੱਖਿਆ ਕੇਂਦਰ ਵਿਚ ਉਸ ਦੀ ਪੜ੍ਹਾਈ ਦੇ ਸਮੇਂ ਉਸ ਉਤੇ ਪ੍ਰਭਾਵ ਆਉਂਦੇ ਹਨ। ਸਕੂਲ, ਕਾਲਜ ਤੇ ਹੋਰ ਸੰਸਥਾਵਾਂ ਵਲੋਂ ਬੱਚੇ ਦੀ ਸੋਧ ਲਈ ਖੋਲ੍ਹੇ ਜਾਂਦੇ ਹਨ। ਇਸ ਸਿੱਖਿਆ ਦਾ ਇਕ ਵਿਸ਼ੇਸ਼ ਉਦੇਸ਼ ਹੁੰਦਾ ਹੈ। ਮਿੱਲ ਦੇ ਅਨੁਸਾਰ, "ਅਜਿਹੀ ਸਿੱਖਿਆ ਦਾ ਉਦੇਸ਼ ਸਭਿਆਚਾਰ ਦਾ ਸੰਸਾਰ ਹੈ, ਜੋ ਇਕ ਪੀੜ੍ਹੀ ਆਪਦੇ ਉਤਰਾਧਿਕਾਰੀ ਨੂੰ ਦਿੰਦੀ ਹੈ।" ਬਹੁਤੇ ਸਿੱਖਿਆ ਸ਼ਾਸਤਰੀ ਅਜਿਹੀ ਸਿੱਖਿਆ ਦਾ ਉਦੇਸ਼ ਬੱਚੇ ਦਾ ਸਰਬਪੱਖੀ ਵਿਕਾਸ ਦੱਸਦੇ ਹਨ, ਬੱਚੇ ਦਾ ਅਜਿਹਾ ਵਿਕਾਸ ਜਿਸ ਨਾਲ ਉਸ ਵਿੱਚ ਕੇਵਲ ਸਭਿਆਚਾਰ ਦਾ ਸੰਚਾਰ ਹੀ ਨਾ ਹੋਵੇ ਸਗੋਂ ਸਮਾਜ ਵਿੱਚ ਆਤਮ-ਭਰੋਸੇ ਤੇ ਆਤਮ-ਸਨਮਾਨ ਨਾਲ ਵਿਚਰਦੇ ਹੋਏ ਸਭਿਆਚਾਰ ਦਾ ਵਿਕਾਸ ਵੀ ਹੋਵੇ। ਜਿਸ ਨਾਲ ਸਮਾਜ ਰਹਿਣ ਲਈ ਜ਼ਿਆਦਾ ਵਧੀਆ ਸਾਧਨ ਬਣੇ। ਉਦੇਸ਼ ਭਾਵੇਂ ਕੁਝ ਵੀ ਹੋਵੇ, ਸੀਮਿਤ ਅਰਥਾਂ ਵਿੱਚ ਸਿੱਖਿਆ ਦੇ ਅਰਥ ਵਿਸ਼ੇਸ਼ ਉਦੇਸ਼ਾਂ ਦੀ ਪ੍ਰਾਪਤੀ ਲਈ ਸਿੱਖਿਆ ਸੰਸਥਾਵਾਂ ਵਿਚ ਦਿੱਤੀ ਗਈ ਪੜ੍ਹਾਈ ਤੋਂ ਲਏ ਜਾਂਦੇ ਹਨ। ਇਸ ਪ੍ਰਕਾਰ ਸੀਮਿਤ ਅਰਥਾਂ ਵਿੱਚ ਸਿੱਖਿਆ ਸੰਸਥਾਵਾਂ ਵਿਚ ਦਿੱਤੀ ਗਈ ਪੜ੍ਹਾਈ ਆਉਂਦੀ ਹੈ।

### 1.1.7 ਸਿੱਖਿਆ ਦੇ ਕਾਰਜ (Functions of Education)

ਸਿੱਖਿਆ ਦਾ ਸਮਾਜ ਨਾਲ ਭਰਵਾਂ ਸੰਬੰਧ ਹੁੰਦਾ ਹੈ। ਉਸ ਨੇ ਵਿਅਕਤੀ ਨੂੰ ਸਮਾਜਿਕ ਕ੍ਰਿਆਵਾਂ ਵਿੱਚ ਭਾਈਵਾਲ ਬਨਾਉਣ ਲਈ ਤਿਆਰ ਕਰਨਾ ਹੁੰਦਾ ਹੈ। ਇਸ ਲਈ ਸਾਡੇ ਦੇਸ਼ ਵਿੱਚ ਇਸ ਵਿੱਚ ਕੁੱਝ ਇਕ ਨਵੇਂ ਬਦਲਾਉ ਇਸ ਪ੍ਰਕਾਰ ਉੱਭਰ ਕੇ ਸਾਹਮਣੇ ਆ ਰਹੇ ਹਨ ਜਿਨ੍ਹਾਂ ਨਾਲ ਸਿੱਖਿਆ ਨੇ ਕਲਾਮਈ ਢੰਗ ਨਾਲ ਵਿਚਰਨਾ ਹੁੰਦਾ ਹੈ।

1. **ਲੋਕਰਾਜੀ ਕੀਮਤਾਂ ਸਥਾਪਤ ਕਰਨੀਆਂ :** ਭਾਰਤ ਦੁਨੀਆਂ ਦਾ ਸਭ ਨਾਲੋਂ ਵੱਡਾ ਲੋਕ ਰਾਜ ਹੈ। ਸਕੂਲਾਂ ਵਿੱਚ ਇਸ ਨਾਲ ਸੰਬੰਧਤ ਪ੍ਰਤਿਕ੍ਰਿਆ ਕਰਨੀ ਹੁੰਦੀ ਹੈ। ਲੋਕਰਾਜੀ ਲੀਡਰ ਉਤਪੰਨ ਕਰਨੇ ਹੁੰਦੇ ਹਨ 'ਤੇ ਬਹੁਮਤ ਦੇ ਆਦੇਸ਼ਾਂ ਨੂੰ ਮੰਨਣ ਲਈ ਸਤਿਕਾਰ ਉਤਪੰਨ ਕਰਨਾ ਹੁੰਦਾ ਹੈ। ਲੋੜ ਇਹ ਹੁੰਦੀ ਹੈ ਕਿ ਸਕੂਲਾਂ ਵਿੱਚ ਇਨ੍ਹਾਂ ਪੱਖਾਂ ਨੂੰ ਵਿਅਕਤੀਆਂ ਵਿੱਚ ਉਤਪੰਨ ਕੀਤਾ ਜਾਵੇ 'ਤੇ ਇਸ ਲਈ ਭਰਵੀਆਂ ਕ੍ਰਿਆਵਾਂ ਤੇ ਸਹਿ-ਪਾਠੀ ਕ੍ਰਿਆਵਾਂ ਕਰਵਾਈਆਂ ਜਾਣ।

2. **ਯੋਗ ਢੰਗ ਨਾਲ ਮਾਨਵੀ ਸ਼ਕਤੀ ਦਾ ਵਿਕਾਸ ਕਰਨਾ :** ਹੁਣ ਇਹ ਗੱਲ ਭਲੀ ਭਾਂਤੀ ਨਿੱਖਰ ਕੇ ਸਾਹਮਣੇ ਆ ਗਈ ਹੈ ਕਿ ਦੇਸ਼ ਦਾ ਭਰਵਾਂ ਵਿਕਾਸ ਤਾਂ ਹੀ ਹੋਵੇਗਾ ਜੇਕਰ ਲੋੜੀਂਦੀ ਮਾਨਵ ਸ਼ਕਤੀ ਵਿਕਸਿਤ ਕੀਤੀ ਜਾਵੇ। ਅਜਿਹਾ ਕਰਨ ਲਈ ਕਿੱਤਾਕਾਰੀ ਤੇ ਵਿਵਸਾਇਕ ਸਿੱਖਿਆ ਨੂੰ ਯੋਗ ਢੰਗ ਨਾਲ ਉਤਪੰਨ ਕੀਤਾ ਜਾਵੇਗਾ ਤੇ ਇਨ੍ਹਾਂ ਕਿੱਤਿਆਂ ਵਿੱਚ ਯੋਗ ਵਿਅਕਤੀਆਂ ਨੂੰ ਘੱਲਣ ਲਈ ਲੋੜੀਂਦੀ ਮਾਰਗਦਰਸ਼ਨ ਸੇਵਾ ਉਤਪੰਨ ਕੀਤੀ ਜਾਵੇਗੀ।

3. **ਮੁਫ਼ਤ, ਲਾਜ਼ਮੀ ਤੇ ਸਰਵਵਿਆਪੀ ਐਲੀਮੈਂਟਰੀ ਸਿੱਖਿਆ ਪ੍ਰਦਾਨ ਕਰਨੀ :** ਦੁਨੀਆ ਭਰ ਦੀਆਂ ਖੋਜਾਂ ਨੇ ਇਹ ਗੱਲ ਭਲੀ ਭਾਂਤ ਸਿੱਧ ਕਰ ਦਿੱਤੀ ਹੈ ਕਿ ਦੇਸ਼ ਤੇ ਸਮਾਜ ਨੂੰ ਵਿਕਸਿਤ ਲੀਹਾਂ ਤੇ ਤਾਂ ਹੀ ਚਲਾਇਆ ਜਾ ਸਕੇਗਾ ਜੇਕਰ ਐਲੀਮੈਂਟਰੀ ਸਿੱਖਿਆ ਨੂੰ 6-14 ਸਾਲਾਂ ਦੀ ਉਮਰ ਦੇ ਸਾਰੇ ਬੱਚਿਆਂ ਨੂੰ ਮੁਫ਼ਤ ਤੇ ਲਾਜ਼ਮੀ ਸਿੱਖਿਆ ਪ੍ਰਦਾਨ ਕੀਤੀ ਜਾਵੇ। ਅਸੀਂ ਆਪਣੇ ਦੇਸ਼ ਵਿੱਚ ਇਸ ਮੰਤਵ ਨੂੰ 11 ਸਾਲਾਂ ਵਿੱਚ ਪੂਰਾ ਕਰਨ ਲਈ ਵਚਨ ਬੱਧ ਹਾਂ, ਪਰ ਹਾਲੇ ਤੱਕ ਅੱਧੀ ਸਦੀ

ਆਜ਼ਾਦ ਰਹਿਣ ਤੋਂ ਬਾਅਦ ਵੀ ਅਸੀਂ ਅਜਿਹਾ ਨਹੀਂ ਕਰ ਸਕੇ ਹਾਂ। ਹੁਣ ਤਾਂ ਦੁਨੀਆ ਭਰ ਵਿੱਚ ਐਜੂਕੇਸ਼ਨ ਫਾਰ ਆਲ (Education for all) ਦਾ ਨਾਹਰਾ ਵੀ ਲਗਾਇਆ ਜਾਂਦਾ ਹੈ ਤੇ ਸਾਰੀ ਦੁਨੀਆ ਇਸ ਟੀਚੇ ਵੱਲ ਵੱਧ ਰਹੀ ਹੈ।

ਅਸੀਂ ਇਸ ਦੀ ਪ੍ਰਾਪਤੀ ਲਈ ਸਰਵ ਸਿੱਖਿਆ ਅਭਿਆਨ ਵੀ ਸ਼ੁਰੂ ਕੀਤਾ ਹੈ। ਅਜਿਹਾ ਕਰਨ ਲਈ ਸਾਨੂੰ ਸਿਰਫ਼ ਰਸਮੀ ਸਿੱਖਿਆ ਨੂੰ ਹੀ ਵਿਕਸਿਤ ਨਹੀਂ ਕਰਨਾ ਹੋਵੇਗਾ ਸਗੋਂ ਅਣਰਸਮੀ ਢੰਗਾਂ ਦਾ ਵੀ ਪਸਾਰਾ ਕਰਨਾ ਪਵੇਗਾ ਜਿਸ ਬਾਬਤ 1992 ਦੀ ਸੋਧੀ ਹੋਈ ਸਿੱਖਿਆ ਨੀਤੀ ਵਿੱਚ ਵੀ ਜ਼ੋਰ ਦਿੱਤਾ ਗਿਆ ਹੈ।

### 1.1.8 ਸਾਰ (Summary) :

ਸਿੱਖਿਆ ਨੂੰ ਵੱਖ-ਵੱਖ ਸਮਾਜਾਂ ਵਿੱਚ ਤੇ ਵੱਖਰੇ-ਵੱਖਰੇ ਸਮਿਆਂ ਵਿਚ ਵੱਖ-ਵੱਖ ਨਜ਼ਰੀਏ ਤੋਂ ਦੇਖਿਆ ਜਾਂਦਾ ਹੈ। ਇਸ ਲਈ ਇਸ ਦੇ ਅਰਥ ਵੀ ਸਮੇਂ ਸਮੇਂ ਮੁਤਾਬਿਕ ਬਦਲਦੇ ਰਹੇ ਹਨ। ਵੱਖ-ਵੱਖ ਚਿੰਤਕਾਂ ਨੇ ਸਿੱਖਿਆ ਦੀਆਂ ਵੱਖਰੀਆਂ-ਵੱਖਰੀਆਂ ਪਰਿਭਾਸ਼ਾਵਾਂ ਬਣਾਈਆਂ ਹਨ। ਮੋਟੇ ਤੌਰ ਤੇ ਸਿੱਖਿਆ ਨੂੰ ਸਕੂਲ ਤੱਕ ਹੀ ਸੀਮਤ ਨਹੀਂ ਰਖਿਆ ਜਾ ਸਕਦਾ। ਇਸ ਨੂੰ ਪ੍ਰਦਾਨ ਕਰਨ ਦੇ ਲਈ ਹੋਰ ਸਾਧਨ ਵੀ ਹੁੰਦੇ ਹਨ ਜਿਵੇਂ ਕਿ ਸਮੁਦਾਇ, ਚਰਚ ਤੇ ਮਾਪੇ। ਸਿੱਖਿਆ ਦਾ ਖੇਤਰ ਬਹੁਤ ਵਿਸ਼ਾਲ ਹੈ। ਸਿੱਖਿਆ ਦੇ ਖੇਤਰ ਵਿੱਚ ਹੋਣ ਵਾਲੀਆਂ ਸਾਰੀਆਂ ਗਤੀਵਿਧੀਆਂ ਵੀ ਸਿੱਖਿਆ ਦੇ ਖੇਤਰ ਵਿੱਚ ਆ ਜਾਂਦੀਆਂ ਹਨ। ਸਿੱਖਿਆ ਦੇ ਖੇਤਰ ਦੀ ਸੰਪੂਰਨ ਲਿਸਟ ਨਹੀਂ ਬਣਾਈ ਜਾ ਸਕਦੀ ਕਿਉਂਕਿ ਇਸ ਦੀਆਂ ਹੱਦਾਂ ਤੇ ਘੇਰਾ, ਨਵੀਆਂ ਨਵੀਆਂ ਕਾਢਾਂ ਦੇ ਕੱਢਣ ਨਾਲ ਤੇ ਸਮਾਜਿਕ ਪਰਿਵਰਤਨ ਆਉਣ ਦੇ ਨਾਲ ਬਦਲਦੀਆਂ ਰਹਿਣੀਆਂ ਹਨ। ਕਿਉਂਕਿ ਸਿੱਖਿਆ ਇਕ ਨਿਰੰਤਰ ਧਾਰਾ ਵਾਂਗ ਹੀ ਹੁੰਦੀ ਹੈ। ਆਧੁਨਿਕ ਕਾਲ ਵਿਚ ਲੋਕਰਾਜੀ ਕੀਮਤਾਂ, ਮਾਨਵਜਾਤੀ ਦਾ ਵਿਕਾਸ, ਮੁਫ਼ਤ ਤੇ ਲਾਜ਼ਮੀ ਤੇ ਸਰਵ ਵਿਆਪੀ ਪ੍ਰਾਇਮਰੀ ਸਿੱਖਿਆ ਨੂੰ ਰਾਸ਼ਟਰੀ ਏਕਤਾ, ਅੰਤਰਰਾਸ਼ਟਰੀ ਸੂਝ-ਬੂਝ, ਮਾਨਵੀ ਹੱਕਾਂ ਦੀ ਰੱਖਿਆ ਦੁਨਿਆਵੀ ਅਮਨ ਅਤਿਵਾਦ ਦੇ ਖਿਲਾਫ ਜਦੋਂ ਉਭਰ ਕੇ ਸਾਹਮਣੇ ਆ ਰਹੇ ਹਨ। ਜਿਉਂ-ਜਿਉਂ ਵਿਗਿਆਨ ਦੇ ਖੇਤਰ ਵਿੱਚ ਅਤੇ ਸਮਾਜਿਕ ਪਰਿਵਰਤਨ ਵਿੱਚ ਤਬਦੀਲੀਆਂ ਆਉਂਦੀਆਂ ਹਨ, ਉਸ ਪ੍ਰਕਾਰ ਹੀ ਇਸ ਦੇ ਨਵੇਂ ਸੰਕਲਪ ਵੀ ਨਿਤਰ ਕੇ ਸਾਹਮਣੇ ਆ ਰਹੇ ਹਨ।

### 1.1.9 ਸੁਝਾਏ ਪ੍ਰਸ਼ਨ (Suggested Questions)

1. ਸਿੱਖਿਆ ਦੇ ਅਰਥ ਤੋਂ ਤੁਹਾਡਾ ਕੀ ਭਾਵ ਹੈ? ਸਿੱਖਿਆ ਦੇ ਖੇਤਰ ਬਾਰੇ ਚਾਨਣਾ ਪਾਓ।
2. ਸਿੱਖਿਆ ਦੇ ਕੀ ਕਾਰਜ ਹਨ। ਚਰਚਾ ਕਰੋ।

### 1.1.10 ਸੁਝਾਈ ਪੁਸਤਕ ਸੂਚੀ (Suggested Books)

(1) ਹਰਨਾਮ ਸਿੰਘ : *ਸਿੱਖਿਆ ਦੇ ਸਿਧਾਂਤ :* ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ।

(2) ਡਾ.ਟੀ.ਐਸ.ਸੋਢੀ : *ਸਿੱਖਿਆ ਦੇ ਸਿਧਾਂਤ :* ਬਾਵਾ ਪਬਲੀਕੇਸ਼ਨਜ਼, ਪਟਿਆਲਾ

(3) ਜੇ.ਸੀ.ਅਗਰਵਾਲ : *ਥਿਊਰੀ ਐਂਡ ਪ੍ਰਿੰਸੀਪਲਜ਼ ਆਫ ਐਜੂਕੇਸ਼ਨ :* ਵਿਕਾਸ ਪਬਲੀਕੇਸ਼ਨਜ਼, ਨਵੀਂ ਦਿੱਲੀ।

**ਪਾਠ ਨੰ: 1.2** **ਲੇਖਿਕਾ : ਡਾ. ਹਰਿੰਦਰ ਕੌਰ ਸੋਢੀ**

## ਪਾਠ ਦਾ ਢਾਂਚਾ (Structure of the Lesson)

1.2.1 ਪਾਠ ਦੇ ਉਦੇਸ਼

1.2.2 ਜਾਣ ਪਹਿਚਾਣ

1.2.3 ਰਸਮੀ ਸਿੱਖਿਆ

1.2.4 ਅਣ ਰਸਮੀ ਸਿੱਖਿਆ

1.2.5 ਗੈਰ ਰਸਮੀ ਸਿੱਖਿਆ

1.2.5.1 ਗੈਰ ਰਸਮੀ ਸਿੱਖਿਆ ਦੀ ਲੋੜ

1.2.6 ਅਣਰਸਮੀ, ਗੈਰ ਰਸਮੀ ਤੇ ਰਸਮੀ ਸਿੱਖਿਆ ਵਿੱਚ ਅੰਤਰ

1.2.7 ਸੰਖੇਪ

1.2.8 ਸਵੈ ਮੁਲਾਂਕਣ ਲਈ ਪ੍ਰਸ਼ਨ

1.2.9 ਸੁਝਾਏ ਪ੍ਰਸ਼ਨ

1.2.10 ਸੁਝਾਈ ਪੁਸਤਕ ਸੂਚੀ

## 1.2.1 ਪਾਠ ਦੇ ਉਦੇਸ਼ (Objectives of the Lesson)

ਇਸ ਪਾਠ ਨੂੰ ਪੜ੍ਹਨ ਤੋਂ ਉਪਰੰਤ ਵਿਦਿਆਰਥੀ :

1. ਸਿੱਖਿਆ ਦੀ ਰਸਮੀ ਕਿਸਮ ਨੂੰ ਭਲੀ ਭਾਂਤੀ ਬਿਆਨ ਕਰ ਸਕਣਗੇ।
2. ਗੈਰ ਰਸਮੀ ਸਿੱਖਿਆ ਬਾਰੇ ਬਰੀਕੀਆਂ ਨੂੰ ਬਿਆਨ ਕਰ ਸਕਣਗੇ।
3. ਅਣਰਸਮੀ ਸਿੱਖਿਆ ਦੀਆਂ ਬਰੀਕੀਆਂ ਬਾਰੇ ਆਪਣੇ ਵਿਚਾਰ ਸਪੱਸ਼ਟ ਭਾਂਤ ਦਰਸਾ ਸਕਣਗੇ।
4. ਰਸਮੀ, ਗੈਰ ਰਸਮੀ ਤੇ ਅਣ ਰਸਮੀ ਸਿੱਖਿਆ ਵਿਚ ਅੰਤਰ ਨੂੰ ਦਰਸਾ ਸਕਣਗੇ।
5. ਰਸਮੀ, ਗੈਰ ਰਸਮੀ ਤੇ ਅਣ ਰਸਮੀ ਸਿੱਖਿਆ ਵਿੱਚ ਸਾਝੀਆਂ ਗੱਲ੍ਹਾਂ ਨੂੰ ਆਪਣੇ ਸ਼ਬਦਾਂ ਵਿੱਚ ਉਲੀਕ ਸਕਣਗੇ।

## 1.2.2 ਜਾਣ ਪਹਿਚਾਣ (Introduction)

ਸਿੱਖਿਆ ਦਾ ਖੇਤਰ ਬਹੁਤ ਵਿਸ਼ਾਲ ਹੈ। ਇਸ ਬਾਬਤ ਵਿਚਾਰ ਕਰਨ ਲਈ ਇਹ ਜ਼ਰੂਰੀ ਹੋ ਜਾਂਦਾ ਹੈ ਕਿ ਇਸ ਦੀਆਂ ਵੱਖਰੀਆਂ –ਵੱਖਰੀਆਂ ਭਾਂਤਾਂ ਨੂੰ ਭਲੀ ਭਾਂਤੀ ਸਮਝ ਲਿਆ ਜਾਵੇ। ਸਿੱਖਿਆ ਜਨਮ ਤੋਂ ਸ਼ੁਰੂ ਹੋ ਕੇ ਜੀਵਨ ਦੇ ਅੰਤ ਤੱਕ ਨਿਰੰਤਰ ਚਲਦੀ ਰਹਿੰਦੀ ਹੈ। ਦੁਨੀਆਂ ਭਰ ਵਿਚ ਬੱਚਾ 5 ਤੋਂ 7 ਸਾਲ ਦੀ ਉਮਰ ਵਿੱਚ ਸਕੂਲ ਜਾਣਾ ਸ਼ੁਰੂ ਕਰਦਾ ਹੈ। ਇਸ ਦੌਰਾਨ ਉਹ ਆਪਣੇ ਸੰਕਲਪ ਸਪੱਸ਼ਟ ਕਰਦਾ ਹੈ ਤੇ

ਆਪਣੇ ਗਿਆਨ ਵਿੱਚ ਵਾਧਾ ਕਰਦਾ ਹੈ। ਕੁੱਝ ਗੱਲ੍ਹਾਂ ਉਹ ਮਾਂ ਪਾਸੋਂ, ਕੁਝ ਬਾਪ ਪਾਸੋਂ, ਕੁਝ ਦੋਸਤਾਂ ਪਾਸੋਂ ਤੇ ਹੋਰ ਸੰਬੰਧੀਆਂ ਪਾਸੋਂ ਸਿੱਖਦਾ ਹੈ। ਇਸ ਪ੍ਰਕਾਰ ਦੀ ਸਿੱਖਿਆ ਜਿਸ ਨੂੰ ਪ੍ਰਦਾਨ ਕਰਨ ਲਈ ਵੱਖਰੀਆਂ ਸੰਸਥਾਵਾਂ ਭਾਵੇਂ ਨਾ ਵੀ ਸਥਾਪਤ ਕੀਤੀਆਂ ਜਾਣ, ਤਾਂ ਵੀ ਬੱਚੇ ਸੁੱਤੇ ਸਿੱਧ ਹੀ ਬਹੁਤ ਸਾਰੀਆਂ ਗੱਲ੍ਹਾਂ ਸਿੱਖ ਲੈਂਦੇ ਹਨ। ਬਹੁਤੀਆਂ ਗੱਲਾਂ ਉਹ ਵਾਤਾਵਰਨ ਵਿੱਚੋਂ ਵੀ ਸਿਖਦਾ ਹੈ। ਇਸ ਪੱਧਰ ਦੀ ਸਿੱਖਿਆ ਜੋ ਕਿ ਸੁੱਤੇ ਸਿੱਧ ਬੱਚੇ ਪ੍ਰਾਪਤ ਕਰਦੇ ਹਨ ਉਸ ਨੂੰ ਅਣਰਸਮੀ ਸਿੱਖਿਆ ਕਿਹਾ ਜਾਂਦਾ ਹੈ। ਇਸ ਲਈ ਕੋਈ ਵਿਸ਼ੇਸ਼ ਯੋਜਨਾ ਬੰਦ ਉਪਰਾਲੇ ਨਹੀਂ ਕੀਤੇ ਜਾਂਦੇ। ਫੇਰ ਵੀ ਇਸ ਪੱਧਰ ਉੱਤੇ ਉਸ ਦਾ ਵਿਕਾਸ ਹੁੰਦਾ ਹੈ ਜਿਸਦੀ ਆਪਣੀ ਮਹੱਤਤਾ ਹੈ। ਬੱਚਾ ਆਮ ਕਰਕੇ ਭਾਰਤ ਵਿਚ ਛੇਵੇਂ ਸਾਲ ਵਿੱਚ ਸਕੂਲ ਜਾਂਦਾ ਹੈ। ਉਹ ਸਮੇਂ ਦੀ ਪਾਬੰਦੀ ਨਾਲ ਜਾਂਦਾ ਹੈ। ਜਮਾਤ ਦੀ ਪੜ੍ਹਾਈ ਕਰਦਾ ਹੈ। ਅਧਿਆਪਕ ਉਸ ਨੂੰ ਪੜ੍ਹਾਉਂਦਾ ਹੈ। ਘੰਟੀਆਂ ਵੱਜਦੀਆਂ ਹਨ। ਨਿਸ਼ਚਿਤ ਸਮਾਂ ਹੁੰਦਾ ਹੈ, ਸਮੇਂ ਸਿਰ ਛੁੱਟੀ ਹੁੰਦੀ ਹੈ। ਕੁਝ ਜਮਾਤਾਂ ਜਿਵੇਂ ਕਿ *10*ਵੀਂ ਜਾਂ ਫੇਰ *12*ਵੀਂ ਜਮਾਤ ਵਿਚ ਪੜ੍ਹਨ ਤੋਂ ਉਪਰੰਤ ਉਸ ਨੂੰ ਸਰਟੀਫਿਕੇਟ ਜਾਂ ਫੇਰ ਡਿਪਲੋਮਾ ਪ੍ਰਦਾਨ ਕੀਤਾ ਜਾਂਦਾ ਹੈ। ਇਸ ਪੱਧਰ ਤੇ ਵੱਖਰੇ ਵੱਖਰੇ ਮਜ਼ਬੂਨ ਪੜ੍ਹਾਉਣੇ ਹੁੰਦੇ ਹਨ। ਸਾਡੇ ਸਕੂਲਾਂ, ਕਾਲਜਾਂ ਅਤੇ ਯੂਨੀਵਰਸਿਟੀਆਂ ਵਿੱਚ ਕਿੱਤਾਕਾਰੀ ਸਿਖਲਾਈ ਕੇਂਦਰਾਂ ਵਿੱਚ ਤੇ ਪ੍ਰੋਫੈਸ਼ਨਲ ਕਾਲਜਾਂ ਵਿੱਚ ਇਸ ਪ੍ਰਕਾਰ ਦੀ ਰਸਮੀ ਸਿੱਖਿਆ ਹੀ ਪ੍ਰਦਾਨ ਕੀਤੀ ਜਾਂਦੀ ਹੈ। ਇਸ ਨੂੰ ਰਸਮੀ ਸਿੱਖਿਆ ਦਾ ਨਾਮ ਦਿੱਤਾ ਜਾਂਦਾ ਹੈ।

ਕੁੱਝ ਲੋਕ ਪੜ੍ਹਾਈ ਵਿੱਚ ਹੀ ਛੱਡ ਜਾਂਦੇ ਹਨ। ਉਨ੍ਹਾਂ ਨੂੰ ਪੜ੍ਹਾਉਣ ਦੇ ਘੇਰੇ ਵਿੱਚ ਲੈ ਆਉਣਾ ਹੁੰਦਾ ਹੈ। ਉਨ੍ਹਾਂ ਲਈ ਪ੍ਰਬੰਧ ਕਰਨਾ ਚਾਹੀਦਾ ਹੈ। ਕੁੱਝ ਲੋਕ ਅਜਿਹੇ ਵੀ ਹੁੰਦੇ ਹਨ ਜੋ ਕਿ ਦੂਰ ਦੁਰਾਡੇ ਬੈਠੇ ਹੁੰਦੇ ਹਨ ਤੇ ਆਪਣੀ ਪੜ੍ਹਾਈ ਜਾਰੀ ਰੱਖਣਾ ਚਾਹੁੰਦੇ ਹਨ, ਪਰ ਸਥਾਨ ਦੀ ਦੂਰੀ ਉਨ੍ਹਾਂ ਨੂੰ ਮੌਕੇ ਪ੍ਰਦਾਨ ਨਹੀਂ ਕਰ ਸਕਦੀ। ਇਸੇ ਪ੍ਰਕਾਰ ਹੀ ਕਈ ਇਸਤ੍ਰੀਆਂ ਨੇ ਬੱਚਿਆਂ ਦੀ ਦੇਖ ਭਾਲ ਕਰਨੀ ਹੁੰਦੀ ਹੈ ਤੇ ਉਹ ਆਪਣੇ ਆਪ ਨੂੰ ਸਕੂਲ ਦੇ ਸਮੇਂ ਦੇ ਨਾਲ ਨਹੀਂ ਜੋੜ ਸਕਦੀਆਂ। ਕਈ ਲੋਕ ਅਜਿਹੇ ਵੀ ਹੁੰਦੇ ਹਨ ਜਿਨ੍ਹਾਂ ਦੇ ਹਾਲਾਤ ਅਜਿਹੇ ਬਣ ਜਾਂਦੇ ਹਨ ਕਿ ਉਹ ਰਸਮੀ ਸਿੱਖਿਆ ਰਾਹੀਂ ਸਿੱਖਿਆ ਪ੍ਰਾਪਤ ਨਹੀਂ ਕਰ ਸਕਦੇ ਜਾਂ ਫੇਰ ਕੁਝ ਲੋਕ ਅਜਿਹੇ ਵੀ ਹੁੰਦੇ ਹਨ ਜੋ ਜੀਵਨ ਦੀ ਲੜਾਈ ਲੜਨ ਲਈ ਆਪਣੀ ਸਿੱਖਿਆ ਜਾਰੀ ਰੱਖਦਾ ਚਾਹੁੰਦੇ ਹੁੰਦੇ ਹਨ। ਇਨ੍ਹਾਂ ਲੋਕਾਂ ਨੂੰ ਦੂਰਸੰਚਾਰ ਸੇਵਾਵਾਂ, ਗੈਰ ਰਸਮੀ ਸਿੱਖਿਆ ਅਤੇ ਹੋਰ ਕੋਈ ਮਾਧਿਅਮਾਂ ਰਾਹੀਂ ਸਿੱਖਿਆ ਪ੍ਰਦਾਨ ਕੀਤੀ ਜਾਂਦੀ ਹੈ। ਇਹ ਸਿੱਖਿਆ ਬਹੁਤੀ ਸੰਗਠਿਤ ਨਹੀਂ ਹੁੰਦੀ। ਸਕੂਲ ਤੋਂ ਬਾਹਰ ਇਨ੍ਹਾਂ ਬੱਚਿਆਂ ਨੂੰ ਸਿੱਖਿਆ ਨਾਲ ਜੋੜ ਦਿੱਤਾ ਜਾਂਦਾ ਹੈ।

ਅਸੀਂ ਇਸ ਪਾਠ ਵਿੱਚ ਅਣ ਰਸਮੀ, ਰਸਮੀ ਤੇ ਗੈਰ ਰਸਮੀ ਸਿੱਖਿਆ ਦਾ ਅਧਿਐਨ ਕਰਾਂਗੇ ਤੇ ਉਨ੍ਹਾਂ ਦੇ ਅੰਤਰ ਨੂੰ ਸਮਝਣ ਦਾ ਯਤਨ ਕਰਾਂਗੇ।

ਇਥੇ ਇਹ ਗੱਲ ਸਮਝਣ ਦੀ ਲੋੜ ਹੈ ਕਿ ਇਨ੍ਹਾਂ ਸਾਰੇ ਭਾਂਤਾਂ ਦੀ ਸਿੱਖਿਆ ਦਾ ਆਪਸ ਵਿੱਚ ਕੋਈ ਟਕਰਾ ਨਹੀਂ ਹੁੰਦਾ, ਸਗੋਂ ਇਹ ਤਾਂ ਇਕ ਦੂਸਰੇ ਲਈ ਸਹਾਈ ਹੁੰਦੀਆਂ ਹਨ। ਲੋੜ ਇਹ ਹੈ ਕਿ ਇਨ੍ਹਾਂ ਸਾਰੇ ਪੱਖਾਂ ਨੂੰ ਇਸ ਪ੍ਰਕਾਰ ਅਮੀਰ ਬਣਾਇਆ ਜਾਵੇ ਤਾਂ ਕਿ ਦੁਨੀਆਂ ਵਿਚ ਅਨਪੜ੍ਹਤਾ ਦਾ ਨਾਸ਼ ਹੋਵੇ ਤੇ ਲੋਕਾਂ ਦਾ ਪੂਰਨ ਭਾਂਤ ਵਿਕਾਸ ਹੋਵੇ, ਤੇ ਉਹ ਦੇਸ਼ ਅਤੇ ਕੌਮ ਲਈ ਮਾਨਵੀ ਕੀਮਤਾਂ ਉਤਪੰਨ ਕਰਨ।

## 1.2.3 ਰਸਮੀ ਸਿੱਖਿਆ (Formal Education)

ਸਾਰੀ ਦੀ ਸਾਰੀ ਉਹ ਸਿੱਖਿਆ ਜੋ ਕਿਸੇ ਸਕੂਲ, ਕਾਲਜ਼, ਯੂਨੀਵਰਸਿਟੀ ਜਾਂ ਫੇਰ ਕਿਸੇ ਇਸ ਪ੍ਰਕਾਰ ਦੀ ਨਿਯਮਬੱਧ ਸੰਸਥਾ ਵਿੱਚ, ਅਨੁਸ਼ਾਸ਼ਨ ਦੇ ਘੇਰੇ ਵਿੱਚ ਸੀਮਤ ਤੇ ਨਿਯੁਕਤ ਵਿਸ਼ੇ ਵਸਤੂ ਨੂੰ ਮੁੱਖ ਰੱਖ ਕੇ ਕਿਸੇ ਨਿਸ਼ਚਤ ਧਾਰਨਾ ਨਾਲ ਬਣਾਈ ਗਈ ਹੋਵੇ, ਉਸ ਨੂੰ ਰਸਮੀ ਸਿੱਖਿਆ ਕਿਹਾ ਜਾਂਦਾ ਹੈ। ਇਸ ਲਈ ਪੜ੍ਹਾਈ ਦਾ ਸਮਾਂ ਨਿਸ਼ਚਿਤ ਹੁੰਦਾ ਹੈ, ਪੜ੍ਹਾਈ ਤੋਂ ਉਪਰੰਤ ਪ੍ਰਾਪਤੀਆਂ ਨੂੰ ਮਾਪ ਕੇ ਮੁਲਾਂਕਣ ਕੀਤਾ ਜਾਂਦਾ ਹੈ। ਇਸ ਨੂੰ ਸਫ਼ਲਤਾ ਪੂਰਵਕ ਪੂਰਾ ਕਰਨ ਤੇ ਵਿਦਿਆਰਥੀਆਂ ਨੂੰ ਡਿਗਰੀਆਂ, ਡਿਪਲੋਮੇ ਜਾਂ ਫੇਰ ਸਰਟੀਫਿਕੇਟ ਪ੍ਰਦਾਨ ਕੀਤੇ ਜਾਂਦੇ ਹਨ। ਇਸ ਦੀ ਪੜ੍ਹਾਈ ਜਮਾਤ ਵਿੱਚ, ਸਮੇਂ ਬੱਧ ਯੋਜਨਾ ਬਣਾ ਕੇ ਪ੍ਰਦਾਨ ਕੀਤੀ ਜਾਂਦੀ ਹੈ। ਇਸ ਲਈ ਅਧਿਆਪਕ ਨਿਯੁਕਤ ਕੀਤੇ ਜਾਂਦੇ ਹਨ, ਭਵਨ ਉਸਾਰੇ ਜਾਂਦੇ ਹਨ, ਪਾਠਕ੍ਰਮ ਬਣਾਏ ਜਾਂਦੇ ਹਨ। ਇਨ੍ਹਾਂ ਨਾਲ ਸਬੰਧਤ ਖੇਡਾਂ ਦਾ ਮੈਦਾਨ, ਲਾਇਬ੍ਰੇਰੀਆਂ ਆਦਿ ਸਥਾਪਤ ਕੀਤੀਆਂ ਜਾਂਦੀਆਂ ਹਨ। ਪ੍ਰੋਫੈਸਰ ਜੇ.ਪੀ.ਨਾਇਕ ਦਾ ਵਿਚਾਰ ਹੈ ਕਿ "ਰਸਮੀ ਸਿੱਖਿਆ ਤੋਂ ਭਾਵ ਉਹ ਸਿੱਖਿਆ ਹੁੰਦੀ ਹੈ ਜਿਹੜੀ ਕਿ ਸਿੱਖਿਆ ਸੰਗਠਨ ਪ੍ਰੋਗਰਾਮ ਵਿੱਚ ਰਸਮੀ ਤੌਰ ਤੇ ਪ੍ਰਦਾਨ ਕੀਤੀ ਜਾਂਦੀ ਹੈ।'' ਜਾਂ ਤਾਂ ਸਰਕਾਰ ਇਨ੍ਹਾਂ ਦਾ ਪ੍ਰਬੰਧ ਕਰਦੀ ਹੈ ਤੇ ਜਾਂ ਫੇਰ ਸਰਕਾਰ ਇਸ ਲਈ ਆਰਥਿਕ, ਪ੍ਰਸ਼ਾਸ਼ਨਿਕ ਜਾਂ ਵਿਉਂਤਬੰਦੀ ਵਿੱਚ ਸਹਾਇਤਾ ਪ੍ਰਦਾਨ ਕਰਦੀ ਹੈ। ਅਜਿਹੀਆਂ ਸੰਸਥਾਵਾਂ ਵਿੱਚ ਵਿਦਿਆਰਥੀਆਂ ਦੀਆਂ ਪ੍ਰਾਪਤੀਆਂ ਤੇ ਹੋਰ ਇਸ ਨਾਲ ਮਿਲਦੀ ਜੁਲਦੀ ਮੁਲਾਂਕਣ ਦੀ ਵਿਧੀ (ਪ੍ਰੀਖਿਆ) ਨਾਲ ਮਾਪਣ ਤੇ ਜ਼ੋਰ ਦਿੱਤਾ ਜਾਂਦਾ ਹੈ। ਰਸਮੀ ਸਿੱਖਿਆ ਵਿੱਚ ਮਿੱਥੇ ਹੋਏ ਉਦੇਸ਼ਾਂ ਨੂੰ ਪੂਰਾ ਕਰਨ ਲਈ, ਠੋਸ ਤੇ ਯੋਜਨਾ ਬੱਧ ਪ੍ਰੋਗਰਾਮ ਬਣਾਏ ਜਾਂਦੇ ਹਨ।

ਇਸ ਪ੍ਰਕਾਰ ਦੀ ਸਿੱਖਿਆ ਪ੍ਰਦਾਨ ਕਰਨ ਵਾਲੀਆਂ ਸੰਸਥਾਵਾਂ ਨਿਸ਼ਚਤ ਸਮੇਂ ਪੜ੍ਹਾਈ ਸ਼ੁਰੂ ਕਰਦੀਆਂ ਹਨ । ਇਨ੍ਹਾਂ ਵਿੱਚ ਪੜ੍ਹਾਈ ਦਾ ਪੀਰੀਅਡ ਖ਼ਤਮ ਹੋਣ ਤੇ ਘੰਟੀ ਵਜਦੀ ਹੈ । ਸਮੇਂ ਸਿਰ ਛੁੱਟੀ ਹੁੰਦੀ ਹੈ । ਵੱਖ ਵੱਖ ਭਾਂਤ ਦੇ ਅਧਿਆਪਕ ਨਿਯੁਕਤ ਹੁੰਦੇ ਹਨ ਤੇ ਉਹ ਜਮਾਤ ਵਿੱਚ ਪੜ੍ਹਾਈ ਕਰਵਾਉਂਦੇ ਹਨ । ਸਮੇਂ ਸਿਰ ਸਾਰਿਆਂ ਦਾ ਇਮਤਿਹਾਨ ਲਿਆ ਜਾਂਦਾ ਹੈ ਤੇ ਉਨ੍ਹਾਂ ਦੀਆਂ ਪ੍ਰਾਪਤੀਆਂ ਦੇ ਆਧਾਰ ਤੇ ਡਿਗਰੀਆਂ ਜਾਂ ਫੇਰ ਡਿਪਲੋਮੇ ਪ੍ਰਦਾਨ ਕੀਤੇ ਜਾਂਦੇ ਹਨ ।

ਇਹ ਨਿਰੰਤਰ ਚਲਣ ਵਾਲੀ ਬਨਾਉਟੀ ਸਿੱਖਿਆ ਹੁੰਦੀ ਹੈ । ਇਸ ਵਿੱਚ ਅਧਿਆਪਕ ਦਾ ਵਿਦਿਆਰਥੀ ਤੇ ਸਿੱਧਾ ਪ੍ਰਭਾਵ ਪੈਂਦਾ ਹੈ । ਇਸ ਪ੍ਰਕਾਰ ਦੀ ਸਿੱਖਿਆ ਵਿੱਚ ਇਹ ਜ਼ਰੂਰੀ ਹੁੰਦਾ ਹੈ ਕਿ ਵਿਦਿਆਰਥੀਆਂ ਦੇ ਗਿਆਨ ਦਾ ਘੇਰਾ ਵਿਕਸਤ ਕਰਕੇ, ਉਨ੍ਹਾਂ ਵਿੱਚ ਸਮਾਜਿਕ ਕੀਮਤਾਂ, ਮਾਨਵਵਾਦ, ਨਾਗਰਿਕਤਾ, ਸਭਿਆਚਾਰ, ਵਿਰਾਸਤ ਅਤੇ ਪ੍ਰੰਪਰਾਵਾਂ ਦੀਆਂ ਕੀਮਤਾਂ ਵੀ ਸਥਾਪਤ ਕਰਨੀਆਂ ਹੁੰਦੀਆਂ ਹਨ । ਸਾਡੇ ਸਕੂਲਾਂ ਦੀ ਸਿੱਖਿਆ ਵੀ ਇਸ ਦੇ ਘੇਰੇ ਵਿੱਚ ਹੀ ਆਉਂਦੀ ਹੈ ।

ਰਸਮੀ ਸਿੱਖਿਆ ਬਹੁਤ ਮਹਿੰਗੀ ਹੁੰਦੀ ਹੈ । ਇੱਥੋਂ ਤੱਕ ਕਿ ਆਈਲਿੱਚ (Illich) ਦਾ ਵਿਚਾਰ ਹੈ ਕਿ ਸਾਰੇ ਲੋਕਾਂ ਨੂੰ ਇਹ ਸਿੱਖਿਆ ਇਸ ਵਿਧੀ ਦੁਆਰਾ ਪ੍ਰਦਾਨ ਕੀਤੀ ਜਾਂਦੀ ਹੋਵੇ ਤਾਂ ਸ਼ਾਇਦ ਅਮਰੀਕਾ ਵਰਗਾ ਅਮੀਰ ਦੇਸ਼ ਜਿਸ ਦੀ ਆਬਾਦੀ ਭਾਰਤ ਤੋਂ ਕਈ ਗੁਣਾ ਘੱਟ ਹੈ ਤੇ ਇਲਾਕਾ ਲਗਭਗ 5 ਗੁਣਾ ਹੈ, ਵੀ ਇਸ ਦਾ ਖ਼ਰਚਾ ਬਰਦਾਸ਼ਤ ਨਾ ਕਰ ਸਕੇਗਾ । ਕਈ ਵਿਦਵਾਨ ਤਾਂ ਇੱਥੋ ਤੱਕ ਵੀ ਕਹਿੰਦੇ ਹਨ, ਕਿ ਇਹ ਹੀ ਅਸਲੀ ਭਾਂਤ ਦੀ ਸਿੱਖਿਆ ਹੁੰਦੀ ਹੈ ।

ਮੁੱਕਦੀ ਗੱਲ ਇਹ ਹੈ ਕਿ ਇਹ ਹੀ ਸਭ ਨਾਲੋਂ ਉੱਤਮ ਸਿੱਖਿਆ ਪ੍ਰਣਾਲੀ ਹੁੰਦੀ ਹੈ । ਗੈਰ ਰਸਮੀ, ਅਣ-ਰਸਮੀ ਸਿੱਖਿਆ ਦੀ ਆਪਣੀ ਮਹੱਤਤਾ ਹੁੰਦੀ ਹੈ । ਇਹ ਉਨ੍ਹਾਂ ਨਾਲ ਟਕਰਾ ਵਿੱਚ ਨਹੀਂ ਆਉਂਦੀ, ਸਗੋਂ ਉਨ੍ਹਾਂ ਦਾ ਸਾਧਨ ਬਣਦੀ ਹੈ ।

### 1.2.4 ਅਣ ਰਸਮੀ ਸਿੱਖਿਆ (Informal Education)

ਇਹ ਉਸ ਪ੍ਰਕਾਰ ਦਾ ਗਿਆਨ ਪ੍ਰਦਾਨ ਕਰਦੀ ਹੈ ਜੋ ਕਿ ਕਿਸੇ ਵਿਉਂਤ ਅਨੁਸਾਰ ਯੋਜਨਾ ਬੰਦ ਨਹੀਂ ਕੀਤਾ ਜਾਂਦਾ । ਕਈ ਵਾਰ ਇਸ ਨੂੰ ਅਚਨਚੇਤ ਸਿੱਖਿਆ ਵੀ ਕਿਹਾ ਜਾਂਦਾ ਹੈ । ਇਹ ਇਕ ਆਮ ਭਾਂਤ ਦਾ ਅਮਲ ਹੁੰਦਾ ਹੈ ਜਿਸ ਵਿੱਚ ਵਿਅਕਤੀ ਕਿਸੇ ਰੂਪ ਜਾਂ ਬਣਤਰ ਵਾਲੀ ਸਿੱਖਿਆ ਨੂੰ, ਨਵੇਂ ਢੰਗ ਨਾਲ ਅਪਨਾਉਂਦਾ ਹੈ, ਨਵੇਂ ਵਿਚਾਰ ਬਣਾਉਂਦਾ ਹੈ, ਹੁਨਰ ਸਿੱਖਦਾ ਹੈ ਤੇ ਗਿਆਨ ਪ੍ਰਾਪਤ ਕਰਦਾ ਹੈ । ਇਸ ਵਿਚ ਆਪਣੇ ਪਰਿਵਾਰ ਦੇ ਹੋਰ ਮੈਂਬਰ, ਆਂਢੀ ਗਵਾਂਢੀ ਯਤਨਸ਼ੀਲ ਹੁੰਦੇ ਹਨ । ਬੱਚਾ ਉਨ੍ਹਾਂ ਵਿਚ ਵਿਚਰਦਾ ਹੋਇਆ ਆਪਣੇ ਆਪ ਨੂੰ ਉਨ੍ਹਾਂ ਦੇ ਅਨੁਸਾਰ ਵਾਤਾਵਰਨ ਵਿਚ ਢਾਲਦਾ ਹੈ । ਇਸ ਵਿੱਚ ਜੀਵਨ ਦੇ ਕੰਮ, ਦੋਸਤੀਆਂ, ਖੇਡਾਂ, ਫਿਲਮਾਂ, ਸਫ਼ਰ, ਰੇਡੀਓ, ਟੀ.ਵੀ. ਆਦਿ ਦੇ ਜੰਤਰ ਵੀ ਆਪਣਾ ਯੋਗਦਾਨ ਪਾਉਂਦੇ ਹਨ । ਇਸ ਵਿੱਚ ਨਾ ਤਾਂ ਜਮਾਤਾਂ ਲਗਾਉਣੀਆਂ ਪੈਂਦੀਆਂ ਹਨ, ਨਾ ਅਧਿਆਪਕ ਭਰਤੀ ਕਰਨੇ ਪੈਂਦੇ ਹਨ ਤੇ ਨਾ ਹੀ ਪਾਠਕ੍ਰਮ ਨਿਸਚਿਤ ਕੀਤਾ ਜਾਂਦਾ ਹੈ । ਇਸ ਦੇ ਕੋਈ ਇਮਤਿਹਾਨ ਨਹੀਂ ਹੁੰਦੇ ਤੇ ਨਾ ਹੀ ਪੜ੍ਹਾਈ ਪੂਰਨ ਕਰਨ ਤੇ ਸਰਟੀਫਿਕੇਟ ਜਾਂ ਡਿਪਲੋਮੇ ਦਿੱਤੇ ਜਾਂਦੇ ਹਨ ।

ਇਸ ਲਈ ਕੋਈ ਨਿਸ਼ਚਿਤ ਮਰਿਆਦਾ ਨਹੀਂ ਹੁੰਦੀ ਹੈ । ਇਹ ਸਵੈ ਪ੍ਰੇਰਨਾ ਨਾਲ ਹੀ ਪ੍ਰਾਪਤ ਕੀਤੀ ਜਾਂਦੀ ਹੈ । ਇਸ ਲਈ ਗੁਰਦੁਵਾਰੇ, ਮੰਦਰ, ਮਸਜਿਦਾਂ ਤੇ ਸਮੁਦਾਇ ਵੀ ਭਾਈਵਾਲ ਹੁੰਦੇ ਹਨ । ਇਸ ਭਾਂਤ ਦੀ ਪੜ੍ਹਾਈ ਬੱਚੇ ਦੇ ਜ਼ਨਮ ਤੋਂ ਸ਼ੁਰੂ ਹੁੰਦੀ ਹੈ ਤੇ ਜੀਵਨ ਭਰ ਨਿਰੰਤਰ ਚਲਦੀ ਰਹਿੰਦੀ ਹੈ । ਬੱਚਾ ਸਾਰੀਆਂ ਸਮਾਜਿਕ ਕਦਰਾਂ ਕੀਮਤਾਂ ਇਸ ਪ੍ਰਣਾਲੀ ਰਾਹੀਂ ਪ੍ਰਾਪਤ ਕਰਦਾ ਹੈ । ਬੱਚੇ ਦੂਸਰੇ ਬੱਚਿਆਂ ਨਾਲ ਖੇਡਦੇ ਹੋਏ, ਮਦਾਰੀ ਦਾ ਤਮਾਸ਼ਾ ਦੇਖਦੇ ਹੋਏ, ਕਲਾਬਾਜ਼ਾਂ ਦੀਆਂ ਕਲਾਬਾਜ਼ੀਆਂ ਦਾ ਸੁਆਦ ਮਾਣਦੇ ਹੋਏ, ਮੁਰਗਿਆਂ ਦੀਆਂ ਲੜਾਈਆਂ ਨੂੰ ਤੱਕਦਿਆਂ ਹੋਇਆਂ, ਬਹੁਤ ਸਾਰਾ ਗਿਆਨ ਅਣਰਸਮੀ ਵਿਧੀ ਰਾਹੀਂ ਪ੍ਰਾਪਤ ਕਰ ਲੈਂਦੇ ਹਨ । ਕਿਉਂਕਿ ਇਸ ਨੂੰ ਪ੍ਰਦਾਨ ਕਰਨ ਲਈ ਉੱਚੇ ਚੇ ਉਪਰਾਲੇ ਕਰਨ ਦੀ ਲੋੜ ਨਹੀਂ ਹੁੰਦੀ ਹੈ ਇਸ ਲਈ ਇਹ ਨਹੀਂ ਸਮਝ ਲੈਣਾ ਚਾਹੀਦਾ ਕਿ ਇਸ ਦੀ ਬਹੁਤੀ ਮਹੱਤਤਾ ਨਹੀਂ ਹੈ । ਇਸ ਵਿੱਚ ਬੱਚੇ ਦੀਆਂ ਨੀਹਾਂ ਰੱਖੀਆਂ ਜਾਂਦੀਆਂ ਹਨ ਜਿਸ ਤੋਂ ਬਾਅਦ ਕਈ ਮੰਜਲੀ ਬਿਲਡਿੰਗ ਉਸਾਰੀ ਜਾਂਦੀ ਹੈ । ਵੈਸੇ ਵੀ ਇਹ ਸਿੱਖਿਆ ਦੀਆਂ ਬਹੁਤੀਆਂ ਕਮੀਆਂ ਜੀਵਨ ਭਰ ਪੂਰੀਆਂ ਕਰਦੀ ਰਹਿੰਦੀ ਹੈ । ਇਸ ਵਿੱਚ ਮਾਂ-ਬਾਪ, ਸਮੁਦਾਇ, ਆਂਢ ਗਵਾਂਢ ਤੇ ਹੋਰ ਲੋਕ ਆਪਣਾ ਆਪਣਾ ਯੋਗਦਾਨ ਪਾਉਂਦੇ ਰਹਿੰਦੇ ਹਨ ।

**1.2.5 ਗੈਰ-ਰਸਮੀ ਸਿੱਖਿਆ (Non-Formal Education) :** ਗੈਰ-ਰਸਮੀ ਸਿੱਖਿਆ ਲੋਕਾਂ ਦੀਆਂ ਜ਼ਰੂਰੀ ਲੋੜਾਂ ਨੂੰ ਪੂਰਾ ਕਰਨ ਲਈ ਪ੍ਰਦਾਨ ਕੀਤੀ ਜਾਂਦੀ ਹੈ । ਇਸ ਵਿੱਚ ਸਮੇਂ, ਸਥਾਨ ਤੇ ਪਾਠਕ੍ਰਮ ਦੀ ਵਿਸ਼ੇਸ਼ ਬੰਦਿਸ਼ ਨਹੀਂ ਹੁੰਦੀ । ਇਸ ਵਿੱਚ ਤਿੰਨ

ਗੱਲ੍ਹਾਂ ਮੁੱਖ ਹਨ :

(ੳ) ਲਚਕੀਲਾਪਣ (Flexibility)

(ਅ) ਅਨੁਕੂਲਤਾ (Relevance)

(ੲ) ਉਪਯੋਗਤਾ (Practibility)

## (i) ਗੈਰ-ਰਸਮੀ ਸਿੱਖਿਆ ਬਾਰੇ ਐਨ.ਸੀ.ਈ.ਆਰ.ਟੀ. ਦੀ ਧਾਰਨਾ (N.C.E.R.T.'s Views about Non-formal Education)

(ੳ) ਕੋਈ ਵੀ ਸਿੱਖਿਆ ਦੀ ਨੀਤੀ ਨੇਪਰੇ ਨਹੀਂ ਚੜ੍ਹ ਸਕਦੀ ਜਦੋਂ ਤਕ ਕਿ ਉਹ ਸਥਾਨੀ ਲੋਕਾਂ ਨੂੰ ਨਾਲ ਲੈ ਕੇ ਨਾ ਚੱਲੇ।

(ਅ) ਸਿੱਖਿਆ ਦੀ ਕੋਈ ਵੀ ਪ੍ਰਣਾਲੀ ਉਸ ਸਮੇਂ ਤਕ ਲਾਹੇਵੰਦ ਨਹੀਂ ਹੋ ਸਕਦੀ, ਜਦੋਂ ਤੱਕ ਕਿ ਉਹ ਬੱਚੇ ਦੇ ਵਾਤਾਵਰਨ ਤੇ ਆਲੇ ਦੁਆਲੇ ਨਾਲ ਸਬੰਧਿਤ ਨਾ ਹੋਵੇ।

(ੲ) ਸਿੱਖਿਆ ਦੀ ਕੋਈ ਵੀ ਪ੍ਰਣਾਲੀ ਉਸ ਸਮੇਂ ਤਕ ਲਾਹੇਵੰਦ ਨਹੀਂ ਹੋ ਸਕਦੀ, ਜਦੋਂ ਤੱਕ ਕਿ ਉਹ ਬੱਚੇ ਦੇ ਵਾਤਾਵਰਨ ਤੇ ਆਲੇ ਦੁਆਲੇ ਨਾਲ ਸਬੰਧਿਤ ਨਾ ਹੋਵੇ।

ਗ਼ੈਰ-ਰਸਮੀ ਸਿੱਖਿਆ ਇਨ੍ਹਾਂ ਸਾਰੀਆਂ ਸ਼ਰਤਾਂ ਨੂੰ ਪੂਰਾ ਕਰਦੀ ਹੈ। ਇਸ ਦੇ ਪਾਠਕ੍ਰਮ ਨੂੰ ਲੋਕਾਂ ਦੀਆਂ ਲੋੜਾਂ ਅਨੁਸਾਰ ਢਾਲਿਆ ਜਾ ਸਕਦਾ ਹੈ ਤੇ ਸਿੱਖਿਅਤ ਵੀ ਕੀਤਾ ਜਾ ਸਕਦਾ ਹੈ। ਜਿਸ ਤਰ੍ਹਾਂ ਕਿ ਉਹ ਬੱਚੇ ਜੋ ਕਿਸੇ ਵੀ ਕਾਰਨ ਕਰਕੇ ਸਕੂਲ ਨਹੀਂ ਆਉਂਦੇ ਜਾਂ ਫੇਰ ਸਕੂਲ ਦੀ ਪੜ੍ਹਾਈ ਅੱਧ ਵਿੱਚ ਹੀ ਛੱਡ ਜਾਂਦੇ ਹਨ, ਉਨ੍ਹਾਂ ਨੂੰ ਉਨ੍ਹਾਂ ਦੀ ਵਿਹਲ ਦੇ ਸਮੇਂ ਅਤੇ ਉਨ੍ਹਾਂ ਦੀ ਹੀ ਮਰਜ਼ੀ ਅਨੁਸਾਰ ਪੜ੍ਹਾਇਆ ਜਾ ਸਕਦਾ ਹੈ ਤੇ ਪੜ੍ਹਾਈ ਦਾ ਸਥਾਨ ਵੀ ਉਨ੍ਹਾਂ ਦੀਆਂ ਸੁਵਿਧਾਵਾਂ ਦੇ ਅਨੁਸਾਰ ਚੁਣਿਆ ਜਾ ਸਕਦਾ ਹੈ।

ਇਸ ਪ੍ਰਕਾਰ ਸਿੱਖਿਆ ਇਨ੍ਹਾਂ ਤਿੰਨਾਂ ਪਹਿਲੂਆਂ ਦਾ ਇਕ ਇਕੱਠ ਹੈ।ਹੇਠਾਂ ਕੁਝ ਕੁ ਮਹੱਤਵਪੂਰਨ ਵਿਅਕਤੀਆਂ ਅਤੇ ਵਿਦਵਾਨਾਂ ਦੁਆਰਾ ਦਿੱਤੀਆਂ ਗਈਆਂ ਪਰਿਭਾਸ਼ਾਵਾਂ ਨਾਲ ਇਹ ਸੰਕਲਪ ਸਾਫ਼ ਤੌਰ ਤੇ ਨਿਖਰ ਕੇ ਸਾਹਮਣੇ ਆ ਜਾਂਦਾ ਹੈ।

## (ii) ਗੈਰ-ਰਸਮੀ ਸਿੱਖਿਆ ਬਾਰੇ ਹੋਰ ਮਹੱਤਵਪੂਰਨ ਵਿਚਾਰ (Some Significant Views about Non-Formal Education)

**ਕੂਮਬ** (*1973*) ਅਨੁਸਾਰ ਗ਼ੈਰ-ਰਸਮੀ ਸਿੱਖਿਆ ਉਹ ਸਿੱਖਿਆ ਹੈ ਜਿਹੜੀ ਕਿ ਇਕ ਰਸਮੀ ਢਾਂਚੇ ਤੋਂ ਬਾਹਰ ਹੋਵੇ। ਇਹ ਚੰਗੀ ਤਰ੍ਹਾਂ ਸੰਗਠਿਤ ਕੀਤੀ ਗਈ ਹੋਵੇ, ਤੇ ਭਾਵੇਂ ਇਹ ਵੱਖਰੇ ਤੌਰ ਤੇ ਜਾਂ ਕਿਸੇ ਮਹੱਤਵਪੂਰਣ ਗਤੀਵਿਧੀ ਕਰਨ ਵਾਲੀ ਸੰਸਥਾ ਦਾ ਹਿੱਸਾ ਹੋਵੇ, ਜਿਹੜੀ ਸਿੱਖਿਆ ਦੇ ਉਦੇਸ਼ਾਂ ਵੱਲ ਵਿਸ਼ੇਸ਼ ਝੁਕਾਅ ਰੱਖੇ।

ਜਿਹੜਾ ਸਰਕਾਰੀ ਤੌਰ ਤੇ ਚਲਾਇਆ ਗਿਆ ਬਰਾਬਰ ਮੌਕਿਆਂ (Equal Opportunity) ਦਾ ਪ੍ਰੋਗਰਾਮ ਹੈ ਉਸ ਅਨੁਸਾਰ ਇਸ ਪਰੀਭਾਸ਼ਾ ਦੀ ਕੋਈ ਅਹਿਮੀਅਤ ਨਹੀਂ ਹੈ। ਗ਼ੈਰ-ਰਸਮੀ ਸਿੱਖਿਆ ਦਾ ਆਪਣਾ ਵੀ ਕੋਈ ਸਥਾਨ ਹੈ। ਇਹ ਗੁੰਝਲਦਾਰ ਉਦੇਸ਼ਾਂ ਉੱਤੇ ਜ਼ੋਰ ਦਿਵਾਉਂਦੀ ਹੈ ਅਤੇ ਇਨ੍ਹਾਂ ਉਦੇਸ਼ਾਂ ਦੀ ਅਹਿਮੀਅਤ ਉੱਪਰ ਅਧਾਰਿਤ ਹੈ। **ਕੂਮਬ** ਨੇ ਗ਼ੈਰ-ਰਸਮੀ ਸਿੱਖਿਆ ਨੂੰ ਰਸਮੀ ਸਿੱਖਿਆ ਦਾ ਹੀ ਇਕ ਅੰਗ ਦੱਸਿਆ ਹੈ। ਉਸਨੇ ਗ਼ੈਰ-ਰਸਮੀ ਸਿੱਖਿਆ ਲਈ ਇਕ ਸੰਗਠਿਤ ਭਾਂਤ ਦੀ ਘਾਟ ਉੱਪਰ ਜ਼ੋਰ ਦਿੱਤਾ ਹੈ। ਇਸ ਵਿੱਚ ਯੋਜਨਾਬੰਦੀ ਤੇ ਜ਼ੋਰ ਦਿੰਦਿਆਂ **ਕੂਮਬ** ਕਹਿੰਦਾ ਹੈ, ਇਹ ਕਈ ਵਾਰ ਤਾਂ ਰਸਮੀ ਸਿੱਖਿਆ ਵਾਂਗ ਹੀ ਸੰਗਠਿਤ ਹੁੰਦੀ ਹੈ ਪਰ ਕਈ ਵਾਰ ਇਹ ਗ਼ੈਰ-ਰਸਮੀ ਤੌਰ ਤੇ ਹੀ ਸੰਗਠਿਤ ਅਤੇ ਯੋਜਨਾਬੱਧ ਹੁੰਦੀ ਹੈ।

**ਲਾਬੈਲੇ** ਨੇ ਗ਼ੈਰ-ਰਸਮੀ ਸਿੱਖਿਆ ਨੂੰ ਸਕੂਲ ਤੋਂ ਬਾਹਰ ਸੰਗਠਿਤ ਤੌਰ ਤੇ ਬਣਾਏ ਗਏ ਪ੍ਰੋਗਰਾਮ ਅਧੀਨ ਦੱਸਿਆ ਹੈ, ਜਿਹੜੀ ਕਿ ਇਕ ਵਿਸ਼ੇਸ਼ ਜਨਸੰਖਿਆ ਨੂੰ ਵਿਸ਼ੇਸ਼ ਸਿੱਖਿਆ ਦੇਣ ਲਈ ਵਰਤੋਂ ਵਿੱਚ ਲਿਆਂਦੀ ਜਾਂਦੀ ਹੈ।

**ਗ੍ਰੈਂਡ ਸਟਾਰ** ਨੇ (*1973*) ਵਿੱਚ ਗ਼ੈਰ-ਰਸਮੀ ਸਿੱਖਿਆ ਨੂੰ ਇਕ ਅਜਿਹਾ ਨਵਾਂ ਪੁਰਜਾ ਦੱਸਿਆ ਹੈ ਜਿਹੜਾ ਕਿ ਰਾਸ਼ਟਰ ਅਤੇ ਰਾਜ ਦੇ ਵਿਕਾਸ ਵਿੱਚ ਵਿਸ਼ੇਸ਼ ਹਿੱਸਾ ਪਾਉਂਦਾ ਹੈ। ਇਸ ਦੇ ਅਨੁਸਾਰ ਗ਼ੈਰ-ਰਸਮੀ ਸਿੱਖਿਆ ਜਾਂ ਆਰਥਿਕ ਸਥਿਤੀ ਨੂੰ ਠੀਕ ਕਰਨ ਲਈ ਵਿਕਾਸ ਕਰਨ ਉੱਤੇ ਜ਼ੋਰ ਦਿੰਦੀ ਹੈ।

ਵਿਕਾਸ ਕਰਨ ਲਈ ਬਣਾਏ ਗਏ ਜਾਂ ਉਲੀਕੇ ਗਏ ਪ੍ਰੋਗਰਾਮ ਨੂੰ ਸਾਹਮਣੇ ਰਖਦੇ ਹੋਏ **ਗ੍ਰੈਂਡ ਸਟਾਰ** ਨੇ ਇਹ ਸਿਫ਼ਾਰਸ਼ ਕੀਤੀ ਹੈ ਕਿ ਜਦੋਂ ਵੀ ਗ਼ੈਰ-ਰਸਮੀ ਸਿੱਖਿਆ ਬਾਰੇ ਕੋਈ ਪ੍ਰੋਗਰਾਮ ਉਲੀਕਣਾ ਹੈ ਤਾਂ ਹੇਠ ਉਲੀਕੀਆਂ ਕੁਝ ਕੁ ਗੱਲਾਂ ਨੂੰ ਧਿਆਨ ਵਿੱਚ ਰੱਖਣਾ ਚਾਹੀਦਾ ਹੈ :

(ੳ) ਗ਼ੈਰ-ਰਸਮੀ ਸਿੱਖਿਆ ਪ੍ਰੋਗਰਾਮ ਵਧੇਰੇ ਸ਼ਕਤੀਸ਼ਾਲੀ ਹੋਣਾ ਚਾਹੀਦਾ ਹੈ ਤਾਂ ਜੋ ਇਹ ਸਮੇਂ ਸਮੇਂ ਸਥਿਤੀਆਂ ਅਨੁਸਾਰ ਖੁਲ੍ਹੇ ਤੌਰ ਤੇ ਪ੍ਰਭਾਵਸ਼ਾਲੀ ਸਾਬਤ ਹੋਵੇ ।

(ਅ) ਇਸ ਵਿੱਚ ਲਚੀਲਾਪਣ ਹੋਣਾ ਚਾਹੀਦਾ ਹੈ ਤਾਂ ਜੋ ਲੋੜ ਪੈਣ ਤੇ ਇਸ ਦੇ ਸਾਧਨਾਂ ਨੂੰ ਲੋੜ ਅਨੁਸਾਰ ਢਾਲਿਆ ਜਾ ਸਕੇ ।

(ੲ) ਰੁਜ਼ਗਾਰ ਦੀਆਂ ਸਹੀ ਸਹੂਲਤਾਂ ਦੇਣ ਲਈ ਠੋਸ ਕਦਮ ਚੁੱਕਣ ਵਾਲਾ ਹੋਣਾ ਚਾਹੀਦਾ ਹੈ । ਭਾਵ ਇਹ ਕਿ ਰੁਜ਼ਗਾਰ ਦੇ ਸਾਧਨਾਂ ਨਾਲ ਇਸਦਾ ਠੋਸ ਸੰਬੰਧ ਹੋਵੇ ।

(ਸ) ਇਸ ਵਿੱਚ ਸਬੰਧਤ ਵਿਅਕਤੀਆਂ ਦੀਆਂ ਇੱਛਾਵਾਂ ਨੂੰ ਵਧੇਰੇ ਮਹੱਤਵ ਦੇਣਾ ਚਾਹੀਦਾ ਹੈ ।

(ਹ) ਇਸ ਵਿੱਚ ਵਿਅਕਤੀਗਤ ਅਤੇ ਮਨੁੱਖੀ ਲੋੜਾਂ ਨੂੰ ਮੂਲ ਆਧਾਰ ਮੰਨ ਕੇ ਚੱਲਣਾ ਚਾਹੀਦਾ ਹੈ ।

(ਕ) ਇਹ ਪ੍ਰੋਗਰਾਮ ਥੋੜ੍ਹੇ ਸਮੇਂ ਦਾ ਹੋਣਾ ਚਾਹੀਦਾ ਹੈ ।

(ਖ) ਇਸ ਦੀਆਂ ਸ਼ਰਤਾਂ ਜ਼ਿਆਦਾ ਸਖ਼ਤ ਨਹੀਂ ਹੋਣੀਆਂ ਚਾਹੀਦੀਆਂ ।

ਮਿਸ਼ੀਗਨ ਯੂਨੀਵਰਸਿਟੀ ਨੇ ਗੈਰ-ਰਸਮੀ ਸਿੱਖਿਆ ਨੂੰ ਪਰਿਭਾਸ਼ਿਤ ਕਰਦਿਆਂ ਹੋਇਆ ਕਿਹਾ ਹੈ ਕਿ ਇਹ ਉਹ ਸਿੱਖਿਆ ਹੈ ਜੋ ਕਿ ਸਿਲਸਿਲੇ ਵਾਰ ਸਿੱਖਿਆ ਦਾ ਪ੍ਰੋਗਰਾਮ ਹੁੰਦਾ ਹੈ ਜਿਹੜਾ ਸਕੂਲ ਦੀ ਪ੍ਰਪੰਰਾ ਤੋਂ ਬਾਹਰ ਵਰਤੋਂ ਵਿਚ ਲਿਆਂਦਾ ਜਾਂਦਾ ਹੈ, ਜਿਸਦੇ ਵਿੱਚ ਵਿਸ਼ਾ-ਵਸਤੂ, ਸਮਾਂ ਯੂਨਿਟ, ਦਾਖਲੇ ਦੀ ਰੂਪ ਰੇਖਾ, ਸਟਾਫ਼ ਦੀਆਂ ਸਹੂਲਤਾਂ ਅਤੇ ਇਸ ਸਿਸਟਮ ਦੇ ਹੋਰ ਅੰਗ, ਇਸ ਤਰ੍ਹਾਂ ਚੁਣੇ ਜਾਂਦੇ ਹਨ, ਕਿ ਇਸ ਨਾਲ ਸੰਬੰਧਿਤ ਜਨਸੰਖਿਆ ਜਾਂ ਸਥਿਤੀ ਨਾਲ ਮਿਲਦੇ ਜੁਲਦੇ ਹੋਣ, ਤਾਂ ਜੋ ਇਸ ਪ੍ਰਣਾਲੀ ਦੀ ਪੂਰੀ ਤਰ੍ਹਾਂ ਵਰਤੋਂ ਕੀਤੀ ਜਾ ਸਕੇ ।

ਜੋ ਪਰਿਭਾਸ਼ਾਵਾਂ ਵੱਖ-ਵੱਖ ਸਿੱਖਿਆ ਸ਼ਾਸ਼ਤਰੀਆਂ ਅਤੇ ਵਿਦਵਾਨਾਂ ਦੁਆਰਾ ਦਿੱਤੀਆਂ ਗਈਆਂ ਹਨ ਉਹਨਾਂ ਤੋਂ ਅਸੀਂ ਇਸ ਸਿੱਟੇ ਤੇ ਪਹੁੰਚਦੇ ਹਾਂ ਜਾਂ ਇਹ ਅਨੁਮਾਨ ਲਗਾ ਸਕਦੇ ਹਾਂ ਕਿ ਗ਼ੈਰ-ਰਸਮੀ ਸਿੱਖਿਆ, ਸਮਾਜਿਕ ਅਤੇ ਵਿਅਕਤੀਗਤ ਰਹਿਣ ਸਹਿਣ, ਕਿੱਤਾ ਜਾਂ ਕੰਮ ਕਰਨ ਦੀ ਯੋਗਤਾ ਅਤੇ ਕਿੱਤੇ ਵਿੱਚ ਨਿਪੁੰਨਤਾ ਵਿੱਚ ਸੁਧਾਰਾਂ ਵੱਲ ਵਧਦੀ ਹੈ ਜਾਂ ਇਸ਼ਾਰਾ ਕਰਦੀ ਹੈ । ਇਸ ਨੂੰ ਅਸੀਂ ਗ਼ੈਰ-ਸਕੂਲੀ ਕਹਿ ਸਕਦੇ ਹਾਂ ਕਿਉਂਕਿ ਇਸ ਵਿੱਚ ਸਿੱਖਣ ਦੀ ਪ੍ਰਕਿਰਿਆ ਸਕੂਲਾਂ ਨਾਲੋਂ ਭਿੰਨ ਹੁੰਦੀ ਹੈ । ਗ਼ੈਰ-ਰਸਮੀ ਸਿੱਖਿਆ ਲੋਕਾਂ ਨੂੰ ਇਸ ਤਰ੍ਹਾਂ ਯੋਜਨਾਬੱਧ ਕਰਕੇ ਪ੍ਰਦਾਨ ਕੀਤੀ ਜਾਂਦੀ ਹੈ ਤਾਂ ਜੋ ਜਿਹੜੇ ਵਿਅਕਤੀ ਰਸਮੀ ਸਿੱਖਿਆ ਤੋਂ ਵਾਂਝੇ ਰਹਿ ਗਏ ਹੋਣ ਉਹ ਵੀ ਸਿੱਖਿਆ ਪ੍ਰਾਪਤ ਕਰ ਸਕਣ ।

ਗ਼ੈਰ-ਰਸਮੀ ਸਿੱਖਿਆ ਜ਼ਿਆਦਾਤਰ ਲੋੜਾਂ ਤੇ ਅਧਾਰਿਤ ਹੁੰਦੀ ਹੈ ਅਤੇ ਇਸ ਉੱਤੇ ਸੰਭਵ ਸਮਾਂ ਜੋ ਕਿ ਲੱਗ ਸਕਦਾ ਹੋਵੇ, ਲਾਇਆ ਜਾਂਦਾ ਹੈ । ਭਾਵ ਇਹ ਕਿ ਇਸ ਦੇ ਬਹੁਤ ਪ੍ਰੋਗਰਾਮ ਥੋੜ੍ਹੇ ਸਮੇਂ ਦੇ ਹੁੰਦੇ ਹਨ । ਗ਼ੈਰ-ਰਸਮੀ ਸਿੱਖਿਆ ਦੇ ਪ੍ਰੋਗਰਾਮ ਨੂੰ ਬਣਾਉਣ ਸਮੇਂ ਇਸ ਵਿੱਚ ਕੰਮ ਕਰਨ ਵਾਲੇ ਜਾਂ ਇਸ ਨਾਲ ਸੰਬੰਧਤ ਵਿਅਕਤੀਆਂ ਦੀਆਂ ਸਹੂਲਤਾਂ ਨੂੰ ਸਾਹਮਣੇ ਰੱਖਿਆ ਜਾਂਦਾ ਹੈ । ਪ੍ਰੋਗਰਾਮ ਉਨ੍ਹਾਂ ਦੀਆਂ ਯੋਗਤਾਵਾਂ, ਲੋੜਾਂ ਅਤੇ ਹੋਰ ਗੱਲ੍ਹਾਂ ਨੂੰ ਆਧਾਰ ਮੰਨ ਕੇ ਬਣਾਇਆ ਜਾਂਦਾ ਹੈ ਤਾਂ ਜੋ ਉਹ ਪੂਰੀ ਸ਼ਕਤੀ ਨਾਲ ਇਸ ਵਿੱਚ ਆਪਣਾ ਯੋਗਦਾਨ ਪਾ ਸਕਣ ਅਤੇ ਪ੍ਰੋਗਰਾਮ ਵਿੱਚ ਇਕ ਸ਼ਕਤੀਸ਼ਾਲੀ ਐਲੀਮੈਂਟ ਦੇ ਤੌਰ ਤੇ ਕੰਮ ਕਰਨ । ਗ਼ੈਰ-ਰਸਮੀ ਸਿੱਖਿਆ ਇਸ ਤਰ੍ਹਾਂ ਪ੍ਰਦਾਨ ਕਰਨੀ ਚਾਹੀਦੀ ਹੈ ਤਾਂ ਜੋ ਸਿੱਖਿਆ ਦੇ ਸਾਰੇ ਉਦੇਸ਼ ਪੂਰੇ ਹੋ ਸਕਣ । ਇਸ ਵਿੱਚ ਸਭ ਤੋਂ ਲਾਭਦਾਇਕ ਗੱਲ ਇਹ ਹੈ ਕਿ ਇਹ ਹਰ ਇਕ ਆਦਮੀ ਨੂੰ ਆਪਣੀ ਅਤੇ ਦੂਸਰੇ ਦੀ ਸਹਾਇਤਾ ਕਰਨ ਬਾਰੇ ਗਿਆਨ ਪ੍ਰਦਾਨ ਕਰਦੀ ਹੈ ਅਤੇ ਸਮੱਸਿਆ ਨੂੰ ਸਮਝ ਕੇ ਉਹਨਾਂ ਦਾ ਹੱਲ ਕਰਨ ਲਈ ਪ੍ਰੇਰਿਤ ਕਰਦੀ ਹੈ । ਇਹ ਦੱਸਦੀ ਹੈ ਕਿ ਜੀਵਨ ਵਿੱਚ ਕਿਹੋ ਜਿਹੀਆਂ ਸਮੱਸਿਆਵਾਂ ਪੇਸ਼ ਆਉਂਦੀਆਂ ਹਨ ਤੇ ਉਨ੍ਹਾਂ ਦਾ ਸਾਹਮਣਾ ਕਿਵੇਂ ਕਰਨਾ ਹੈ । ਇਹ ਇਨ੍ਹਾਂ ਬਾਰੇ ਆਦਮੀ ਨੂੰ ਚੇਤੰਨ ਰੱਖਦੀ ਹੈ । ਸਹੀ ਤੌਰ ਤੇ ਇਹ ਕਿਹਾ ਜਾ ਸਕਦਾ ਹੈ ਕਿ ਇਹ ਇਕੋ ਅਜਿਹੀ ਸਿੱਖਿਆ ਹੈ ਜਿਸਦਾ ਕਿ ਸਿਸਟਮ ਖੁੱਲਾ ਡੁੱਲਾ ਹੁੰਦਾ ਹੈ ਜਿਹੜਾ ਕਿ ਆਰਥਿਕ, ਸਮਾਜਿਕ ਅਤੇ ਰਾਜਨੀਤਿਕ ਜ਼ਿੰਮੇਵਾਰੀਆਂ ਬਾਰੇ ਗਿਆਨ ਕਰਵਾਉਂਦਾ ਹੈ ਤਾਂ ਜੋ ਮਨੁੱਖ ਇਕ ਸੂਝਵਾਨ ਵਿਅਕਤੀ ਬਣ ਜਾਵੇ । ਆਲੋਚਨਾਤਮਿਕ ਵਿਚਾਰ ਜਿਹੜਾ ਕਿ ਰਸਮੀ ਸਿੱਖਿਆ ਵਿੱਚ ਹਿੱਸਾ ਲੈਣ ਵਾਲਿਆਂ ਉਤੇ ਆਧਾਰਿਤ ਹੁੰਦਾ ਹੈ ਉਹ ਗ਼ੈਰ-ਰਸਮੀ ਸਿੱਖਿਆ ਦੇ ਪ੍ਰੋਗਰਾਮ ਤੇ ਵੀ ਆਧਾਰਿਤ ਹੁੰਦਾ ਹੈ ਕਿਉਂਕਿ ਇਹ ਪ੍ਰਗੋਰਾਮ ਇਸ ਵਿੱਚ ਹਿੱਸਾ ਲੈ ਰਹੇ ਜਾਂ ਇਸ ਨਾਲ ਸੰਬੰਧਤ ਸਾਰੇ ਵਿਅਕਤੀਆਂ ਦਾ ਸਾਂਝਾ ਪ੍ਰੋਗਰਾਮ ਹੁੰਦਾ ਹੈ ।

### 1.2.5.1 ਗੈਰ-ਰਸਮੀ ਸਿੱਖਿਆ ਦੀ ਲੋੜ (Need for Non-Formal Education)

**(i) ਸਾਰੇ ਲੋਕਾਂ ਨੂੰ ਪੜ੍ਹਾਉਣ ਦੀ ਲੋੜ (Need to Educate All) :** ਭਾਰਤ ਸਰਕਾਰ ਨੇ ਭਾਰਤੀ ਸਿੱਖਿਆ ਕਮਿਸ਼ਨ (*1964-66*) ਨੇ, *1986* ਦੀ ਸਿੱਖਿਅਕ ਨੀਤੀ ਅਤੇ *1992* ਦੀ ਨੀਤੀ ਵਿਚ ਲਿਆਂਦੀਆਂ ਗਈਆਂ ਤਬਦੀਲੀਆਂ ਨੇ ਇਸ ਨੂੰ ਵਿਸ਼ੇਸ਼ ਮਹੱਤਤਾ ਦਿੱਤੀ ਹੈ। ਇਸ ਦਾ ਕਾਰਨ ਹੈ ਕਿ ਜੇ ਲੋਕ ਪੜ੍ਹੇ ਲਿਖੇ ਹੋਣਗੇ ਤਾਂ ਲੋਕਰਾਜੀ ਕੀਮਤਾਂ, ਸਮਾਜਿਕ ਚੇਤਨੰਤਾ, ਰਾਜਨੀਤਿਕ ਕੁਸ਼ਲਤਾ, ਨਵੀਨੀਕਰਨ, ਵਾਤਾਵਰਨ ਦਾ ਦੂਸ਼ਨ, ਛੋਟੇ ਪਰਿਵਾਰ ਦੀਆਂ ਖੂਬੀਆਂ ਆਦਿ ਸਮੱਸਿਆਵਾਂ ਭਲੀ ਭਾਂਤੀ ਸਮਝੀਆਂ ਜਾਣਗੀਆਂ ਤੇ ਲੋਕਾਂ ਵਿੱਚ ਵਿਕਸਤ ਹੋਣਗੀਆਂ। ਸਭ ਲੋਕਾਂ ਨੂੰ ਆਰਥਿਕ ਕਾਰਨਾਂ ਕਰਕੇ ਰਸਮੀ ਸਿੱਖਿਆ ਪ੍ਰਣਾਲੀ ਰਾਹੀਂ ਪੜ੍ਹਾਇਆ ਜਾ ਸਕਦਾ ਹੈ। ਇਸ ਲਈ ਇਹ ਜ਼ਰੂਰੀ ਹੈ ਕਿ ਗ਼ੈਰ-ਰਸਮੀ ਸਿੱਖਿਆ ਦਾ ਪ੍ਰਯੋਗ ਕਰਕੇ ਅਤੇ ਰਸਮੀ ਸਿੱਖਿਆ ਦਾ ਸਹਿਯੋਗੀ ਬਣਾ ਕੇ ਸਾਰੇ ਲੋਕਾਂ ਨੂੰ ਸਿੱਖਿਅਤ ਕੀਤਾ ਜਾਵੇ।

**(ii) ਸੰਵਿਧਾਨਿਕ ਜ਼ੁੰਮੇਵਾਰੀ ਨਿਭਾਉਣ ਲਈ (To Execute Constitutional Responsibility) :** ਇਹ ਭਾਰਤ ਦੇ ਸੰਵਿਧਾਨ ਦੀ ਇਕ ਜ਼ਿੰਮੇਵਾਰੀ ਹੈ, ਕਿ *6-14* ਸਾਲ ਦੀ ਉਮਰ ਦੇ ਸਾਰੇ ਬੱਚਿਆਂ ਨੂੰ ਸਿੱਖਿਅਤ ਕਰਨਾ ਹੈ। ਇਹ ਆਰਥਿਕ ਵਿਕਾਸ, ਸਭਿਆਚਾਰਕ ਕੀਮਤਾਂ ਦੇ ਅਪਣਾਉਣ ਤੇ ਸਮਾਜਿਕ ਪਰਿਵਰਤਨ ਲਈ ਅਤਿ ਜ਼ਰੂਰੀ ਹੈ ਪਰ ਇਹ ਟੀਚਾ ਵੀ ਰਸਮੀ ਸਿੱਖਿਆ ਰਾਹੀਂ ਪੂਰਾ ਨਹੀਂ ਹੋ ਸਕਦਾ। ਕਈ ਕਾਰਨਾਂ ਕਰਕੇ ਜਿਵੇਂ ਕਿ ਸਕੂਲ ਨਾ ਜਾ ਸਕਣ ਵਾਲੇ ਵਿਅਕਤੀਆਂ, ਪੜ੍ਹਾਈ ਵਿੱਚ ਛਡ ਜਾਣ ਵਾਲੇ ਬੱਚਿਆਂ, ਅਤੇ ਅਨਪੜ੍ਹ ਮਾਪਿਆਂ ਨੂੰ ਸਿੱਖਿਅਤ ਕਰਨ ਲਈ ਜ਼ਰੂਰੀ ਹੋ ਜਾਂਦਾ ਹੈ, ਉੱਥੇ ਗ਼ੈਰ-ਰਸਮੀ ਸਿੱਖਿਆ ਦਾ ਸਹਾਰਾ ਲਿਆ ਜਾਵੇ।

**(iii) ਅਨਪੜ੍ਹਤਾ ਦੂਰ ਕਰਨ ਲਈ (To Eliminate Illiteracy) :** *1991* ਦੇ ਜਨਗਣਨਾ ਦੇ ਅੰਕੜਿਆਂ ਅਨੁਸਾਰ ਹਾਲੇ ਵੀ ਭਾਰਤ ਵਿੱਚ *52.11*ˋ ਲੋਕ ਅਨਪੜ੍ਹ ਹਨ, ਇਸਤ੍ਰੀਆਂ ਦੀ ਹਾਲਤ ਹੋਰ ਵੀ ਖ਼ਰਾਬ ਹੈ ਤੇ ਉਨ੍ਹਾਂ ਵਿੱਚ ਸਿਰਫ਼ *39.42*ˋ ਹੀ ਪੜ੍ਹੀਆਂ ਲਿਖੀਆਂ ਹਨ। ਅਨਪੜ੍ਹਤਾ ਵਧੇਰੇ ਕਰਕੇ ਪਿੰਡਾਂ ਵਿੱਚ ਵੱਸਦੀ ਹੈ। ਅਨੁਸੂਚਿਤ ਜਾਤੀਆਂ, ਕਬੀਲਿਆਂ ਤੇ ਪਛੜੀਆਂ ਸ਼੍ਰੇਣੀਆਂ ਵਿੱਚ ਇਸ ਦਾ ਵਧੇਰੇ ਦਬਾਅ ਹੈ। ਇਨ੍ਹਾਂ ਨੂੰ ਰਸਮੀ ਸਿੱਖਿਆ ਰਾਹੀਂ ਪੜ੍ਹਾਉਣਾ ਬਹੁਤ ਕਠਿਨ ਹੈ ਕਿਉਂਕਿ ਇਹ ਵੱਖ-ਵੱਖ ਕਾਰਨਾਂ ਕਰਕੇ ਨਿਯਮਬੱਧ ਸਿੱਖਿਆ ਦੀਆਂ ਸੰਸਥਾਵਾਂ ਵਿੱਚ ਨਹੀਂ ਜਾ ਸਕਦੇ। ਇਸ ਲਈ ਗ਼ੈਰ-ਰਸਮੀ ਸਿੱਖਿਆ ਦਾ ਸਹਾਰਾ ਲੈਣਾ ਜ਼ਰੂਰੀ ਹੈ।

**(iv) ਮਾਵਾਂ ਨੂੰ ਸਿੱਖਿਅਤ ਕਰਨ ਦੀ ਲੋੜ (Need to Educate Mothers) :** ਬੱਚਿਆਂ ਦੀ ਸਿਹਤ ਠੀਕ ਰੱਖਣ ਲਈ, ਉਨ੍ਹਾਂ ਦੀਆਂ ਸਾਫ਼ ਸੁਥਰੀਆਂ ਆਦਤਾਂ ਬਣਾਉਣ ਲਈ, ਉਨ੍ਹਾਂ ਵਿੱਚ ਖੂਬਸੂਰਤੀ ਮਾਣਨ ਦੀ ਸ਼ਕਤੀ ਉਤਪੰਨ ਕਰਨ ਲਈ, ਉਨ੍ਹਾਂ ਦੀਆਂ ਮਾਵਾਂ ਨੂੰ ਸਿੱਖਿਅਤ ਕਰਨਾ ਜ਼ਰੂਰੀ ਹੈ। ਇਹ ਮਾਵਾਂ ਵੱਖ ਵੱਖ ਕਾਰਣਾਂ ਕਰਕੇ ਸਕੂਲਾਂ ਜਾਂ ਕਾਲਜਾਂ ਵਿੱਚ ਰਸਮੀ ਸਿੱਖਿਆ ਪ੍ਰਾਪਤ ਨਹੀਂ ਕਰ ਸਕਦੀਆਂ। ਇਸ ਲਈ ਉਨ੍ਹਾਂ ਲਈ ਗ਼ੈਰ-ਰਸਮੀ ਸਿੱਖਿਆ ਦਾ ਹੀ ਪ੍ਰਯੋਗ ਕੀਤਾ ਜਾਣਾ ਜਰੂਰੀ ਹੈ।

**(v) ਰਸਮੀ ਸਿੱਖਿਆ ਦੀ ਮਦਦ ਕਰਨ ਲਈ (To Help the Formal Education) :** ਗ਼ੈਰ-ਰਸਮੀ ਸਿੱਖਿਆ, ਰਸਮੀ ਸਿੱਖਿਆ ਦਾ ਮੁਕਾਬਲਾ ਨਹੀਂ ਕਰ ਸਕਦੀ, ਸਗੋਂ ਰਸਮੀ ਸਿੱਖਿਆ ਦਾ ਸਹਾਰਾ ਬਣ ਕੇ ਉਸਦੀਆਂ ਘਾਟਾਂ ਨੂੰ ਦੂਰ ਕਰਦੀ ਹੈ।

**(vi) ਵੋਟ ਦੀ ਕੀਮਤ ਮਹਿਸੂਸ ਕਰਨ ਲਈ (To Make People Feel the Value of Vote) :** ਵੋਟਰਾਂ ਨੂੰ ਵੋਟ ਦਾ ਠੀਕ ਪ੍ਰਯੋਗ ਸਿਖਾਉਣ ਲਈ, ਲੋਕਾਂ ਵਿੱਚ ਚੇਤਨਾ ਲਿਆਉਣਾ ਜ਼ਰੂਰੀ ਹੁੰਦਾ ਹੈ, ਤੇ ਇਹ ਚੇਤਨਾ ਸਿੱਖਿਆ ਰਾਹੀਂ ਆ ਸਕਦੀ ਹੈ। ਗ਼ੈਰ-ਰਸਮੀ ਸਿੱਖਿਆ ਬਗ਼ੈਰ ਟੀਚੇ ਪੂਰੇ ਨਹੀਂ ਕੀਤੇ ਜਾ ਸਕਦੇ ਕਿਉਂਕਿ ਰਸਮੀ ਸਿੱਖਿਆ ਸਾਰਿਆਂ ਨੂੰ ਸਿੱਖਿਅਤ ਕਰਨ ਲਈ ਅਸਮਰਥ ਹੁੰਦੀ ਹੈ।

**(vii) ਵਿਅਕਤੀਤਵ ਨੂੰ ਉੱਚਾ ਚੁੱਕਣ ਲਈ (To Raise the Personality of the People) :** ਜੇ ਸਮਾਜ ਨੂੰ ਸਮਾਜਵਾਦੀ ਢਾਂਚੇ ਤੇ ਢਾਲਣਾ ਹੈ ਤਾਂ ਲੋਕਾਂ ਦੇ ਵਿਅਕਤਿਤਵ ਨੂੰ ਉੱਚਾ ਚੁੱਕਣਾ ਜ਼ਰੂਰੀ ਹੈ ਜਿਸ ਲਈ ਗ਼ੈਰ-ਰਸਮੀ

ਸਿੱਖਿਆ ਦਾ ਸਹਾਰਾ ਲੈਣਾ ਵੀ ਜ਼ਰੂਰੀ ਹੋ ਜਾਂਦਾ ਹੈ।

**(viii) ਖੰਡ ਸਮੇਂ ਲਈ (Part Time) :** ਉਹ ਉਨ੍ਹਾਂ ਸਾਰੇ ਵਿਅਕਤੀਆਂ ਨੂੰ ਵੀ ਸਿੱਖਿਅਤ ਕਰਦੀ ਹੈ, ਜੋ ਕਿ ਖੰਡ ਸਿੱਖਿਆ ਰਾਹੀਂ ਹੀ ਪੜ੍ਹ ਸਕਦੇ ਹਨ।

**(ix) ਨਿਰੰਤਰ ਸਿੱਖਿਆ ਲਈ (For Continuous Education) :** ਇਹ ਜੀਵਨ ਭਰ ਨਿਰੰਤਰ ਰੂਪ ਵਿੱਚ ਵਿਕਸਤ ਕਰਨ ਵਾਲੀ ਸਿੱਖਿਆ ਦਾ ਇੱਕ ਉੱਤਮ ਢੰਗ ਹੈ।

**(x) ਮੌਕਿਆਂ ਦੀ ਸਮਾਨਤਾ (Equilisation of Opportunities) :** ਜੇ ਸ਼ਹਿਰੀ ਤੇ ਪੇਂਡੂ, ਸਵਰਨ ਜਾਤੀਆਂ ਤੇ ਅਨੁਸੂਚਿਤ ਜਾਤੀਆਂ, ਮਰਦਾਂ ਤੇ ਇਸਤ੍ਰੀਆਂ ਦੇ ਵਿਚਲਾ ਸਿੱਖਿਆ ਦਾ ਅੰਤਰ ਦੂਰ ਕਰਨਾ ਹੈ ਤਾਂ ਇਹ ਸਿਰਫ਼ ਗ਼ੈਰ-ਰਸਮੀ ਸਿੱਖਿਆ ਦਾ ਸਹਾਰਾ ਲੈ ਕੇ ਹੀ ਕੀਤਾ ਜਾ ਸਕਦਾ ਹੈ। ਕਿਉਂਕਿ ਰਸਮੀ ਸਿੱਖਿਆ ਇਨ੍ਹਾਂ ਵਿਤਕਰਿਆਂ ਨੂੰ ਬਹੁਤ ਹੀ ਜ਼ੋਰ ਲਾਉਣ ਤੇ ਵੀ ਦੂਰ ਨਹੀਂ ਕਰ ਸਕਦੀ।

**(xi) ਦੂਰ ਦੁਰਾਡੇ ਰਹਿਣਾ (For Persons of Distant Places) :** ਦੂਰ ਦੁਰਾਡੇ ਤੇ ਘੱਟ ਆਬਾਦੀ ਵਾਲਿਆਂ ਇਲਾਕਿਆਂ ਦੇ ਲੋਕਾਂ ਲਈ ਗ਼ੈਰ-ਰਸਮੀ ਸਿੱਖਿਆ ਹੀ ਇਕ ਸਹਾਰਾ ਹੈ।

**(xii) ਪਿਛੜੇ ਲੋਕਾਂ ਲਈ (For Depressed Sections of the Society) :** ਗ਼ੈਰ-ਰਸਮੀ ਸਿੱਖਿਆ ਰਾਹੀਂ ਹੀ ਉਨ੍ਹਾਂ ਨੂੰ ਵੀ ਸਿੱਖਿਅਤ ਕੀਤਾ ਜਾ ਸਕਦਾ ਹੈ ਜਿਨ੍ਹਾਂ ਨੇ ਆਪਣੇ ਰੁਝੇਵਿਆਂ ਕਾਰਨ, ਕਦੇ ਵੀ ਸਕੂਲ ਨਹੀਂ ਜਾ ਸਕਦੇ। ਜਿਸ ਤਰ੍ਹਾਂ ਕਿ ਬਹੁਤ ਗਰੀਬ ਘਰਾਣਿਆਂ ਦੇ ਬੱਚੇ ਜੋ ਪੰਜ ਜਾਂ ਫੇਰ 6 ਸਾਲ ਦੀ ਉਮਰ ਤੋਂ ਹੀ ਮਾਂ ਬਾਪ ਦੀ ਕਮਾਈ ਦਾ ਸਾਧਨ ਬਣ ਜਾਂਦੇ ਹਨ।

**(xiii) ਤਕਨੀਕੀ ਸਿੱਖਿਆ ਲਈ ਵੀ ਲਾਹੇਵੰਦ (Useful for Technical Education also) :** ਗ਼ੈਰ-ਰਸਮੀ ਸਿੱਖਿਆ ਸਿਰਫ਼ ਅਨਪੜ੍ਹਤਾ ਨੂੰ ਹੀ ਦੂਰ ਨਹੀਂ ਕਰ ਸਕਦੀ ਜਾਂ ਸਿਰਫ਼ ਛੋਟੇ ਬੱਚਿਆਂ ਨੂੰ ਹੀ ਸਿੱਖਿਅਤ ਨਹੀਂ ਕਰ ਸਕਦੀ ਸਗੋਂ ਉਹ ਤਕਨੀਕੀ ਸਿੱਖਿਆ ਦਾ ਪਸਾਰ ਕਰਨ ਲਈ ਆਪਣਾ ਯੋਗਦਾਨ ਵੀ ਪਾ ਸਕਦੀ ਹੈ।

**(xiv) ਸਾਰਿਆਂ ਨੂੰ ਸਿੱਖਿਅਤ ਕਰਨ ਲਈ (Education for All) :** ਗ਼ੈਰ-ਰਸਮੀ ਸਿੱਖਿਆ ਰਾਹੀਂ ਸਾਰੀ ਦੁਨੀਆਂ ਦੇ ਲੋਕਾਂ ਨੂੰ ਸਿੱਖਿਅਤ ਕੀਤਾ ਜਾ ਸਕਦਾ ਹੈ। ਦੁਨੀਆਂ ਵਿੱਚ ਲਗਾਇਆ ਜਾ ਰਿਹਾ ਨਾਹਰਾ ਕਿ ਸਾਰੇ ਲੋਕਾਂ ਨੂੰ ਸਿੱਖਿਅਤ ਕਰਨਾ ਹੈ (Education for All) ਤਾਂ ਹੀ ਪੂਰਾ ਹੋ ਸਕੇਗਾ ਜੇ ਕਰ ਗ਼ੈਰ-ਰਸਮੀ ਸਿੱਖਿਆ ਦਾ ਸਹਾਰਾ ਲਿਆ ਜਾਵੇ।

### 1.2.6 ਰਸਮੀ, ਗੈਰ-ਰਸਮੀ ਤੇ ਅਣ-ਰਸਮੀ ਸਿੱਖਿਆ ਵਿੱਚ ਅੰਤਰ (Difference between Formal, Non-Formal and Informal Education)

**ਸ੍ਰੀ ਜੇ.ਪੀ.ਨਾਇਕ** ਨੇ ਸਿੱਖਿਆ ਦੀਆਂ ਤਿੰਨਾਂ ਕਿਸਮਾਂ ਰਸਮੀ, ਗ਼ੈਰ-ਰਸਮੀ ਅਤੇ ਅਚਨਚੇਤ ਸਿੱਖਿਆ ਬਾਰੇ ਸੰਖੇਪ ਵਿੱਚ ਇਹ ਕਿਹਾ ਹੈ ਕਿ ਰਸਮੀ ਸਿੱਖਿਆ ਨੂੰ ਪਰਿਭਾਸ਼ਿਤ ਕਰਨਾ ਸੌਖਾ ਹੈ। ਇਸ ਤੋਂ ਭਾਵ ਉਹ ਸਿੱਖਿਆ ਹੈ ਜਿਹੜੀ ਕਿ ਸਿੱਖਿਆ ਸੰਗਠਨ ਪ੍ਰੋਗਰਾਮ ਦੁਆਰਾ ਰਸਮੀ ਤੌਰ ਤੇ ਪ੍ਰਦਾਨ ਕੀਤੀ ਜਾਂਦੀ ਹੈ ਅਤੇ ਸਰਕਾਰ ਦੁਆਰਾ ਇਸ ਦੀ ਸਹਾਇਤਾ ਕੀਤੀ ਜਾਂਦੀ ਹੈ। ਅਚਨਚੇਤ ਸਿੱਖਿਆ ਨੂੰ ਪਰਿਭਾਸ਼ਿਤ ਕਰਨਾ ਵੀ ਇੰਨਾ ਹੀ ਆਸਾਨ ਹੈ। ਅਚਨਚੇਤ ਸਿੱਖਿਆ ਉਹ ਸਿੱਖਿਆ ਹੈ ਜਿਹੜੀ ਕਿ ਹਰ ਇਕ ਵਿਅਕਤੀ ਆਪਣੇ ਆਪ ਨੂੰ ਸਮਾਜ ਵਿੱਚ ਉੱਚਾ ਚੁੱਕਣ ਲਈ ਨਿਰੰਤਰ ਪ੍ਰਾਪਤ ਕਰਦਾ ਰਹਿੰਦਾ ਹੈ। ਮਿਸਾਲ ਦੇ ਤੌਰ ਤੇ ਬੱਚਾ ਘਰ ਵਿੱਚ ਜਦੋਂ ਵੱਡਾ ਹੁੰਦਾ ਹੈ ਤਾਂ ਉਹ ਆਪਣੇ ਸਰੀਰ ਦਾ ਨਿਯੰਤਰਣ ਕਰਨਾ ਸਿੱਖਦਾ ਹੈ, ਭਾਸ਼ਾ ਸਿੱਖਦਾ ਹੈ, ਸਮਾਜ ਵਿੱਚ ਉੱਠਣ ਬੈਠਣ ਤੇ ਬੋਲਣ ਚੱਲਣ ਦੇ ਨਿਯਮਾਂ ਅਤੇ ਕੀਮਤਾਂ ਦੇ ਸਿਸਟਮ ਨੂੰ ਗ੍ਰਹਿਣ ਕਰਨਾਂ ਸਿੱਖਦਾ ਹੈ। ਇਹ ਸਿੱਖਣ ਦੀ ਪ੍ਰਕਿਰਿਆ ਘਰ ਤੋਂ ਬਾਹਰ ਵੀ ਚਲਦੀ ਰਹਿੰਦੀ ਹੈ। ਜਦੋਂ ਉਹ ਆਪਣਾ ਜੀਵਨ ਬਤੀਤ ਕਰਦਾ ਹੈ ਤਦ ਉਹ ਆਪਣੇ ਸੰਬੰਧੀ ਖਿਡਾਰੀਆਂ ਤੋਂ, ਸਾਥੀਆਂ ਤੋਂ, ਮਿੱਤਰਾਂ ਤੋਂ ਅਤੇ ਨਾਲ ਕੰਮ ਕਰਨ ਵਾਲਿਆਂ ਤੋਂ, ਸਮਾਜ ਦੀਆਂ ਗਤੀਵਿਧੀਆਂ ਅਤੇ ਪ੍ਰੋਗਰਾਮ ਵਿੱਚ ਭਾਗ ਲੈ ਕੇ, ਆਪਣੇ ਕੈਰੀਅਰ ਬਣਾਉਣ ਸਮੇਂ, ਵਿਆਹ ਕਰਕੇ ਬੱਚੇ ਪੈਦਾ ਕਰਨ ਸਮੇਂ, ਯਾਤਰਾਵਾਂ

ਕਰਨ ਸਮੇਂ, ਖੇਡਣ ਸਮੇਂ ਅਤੇ ਹੋਰ ਕ੍ਰਿਆਵਾਂ ਕਰਨ ਸਮੇਂ ਸਿੱਖਦਾ ਰਹਿੰਦਾ ਹੈ। ਇਸ ਲਈ ਅਚਨਚੇਤ ਸਿੱਖਿਆ ਪੂਰਨ ਭਾਂਤ ਘਰ ਅਤੇ ਸਮਾਜ ਤੇ ਨਿਰਭਰ ਹੈ ਜੋ ਕਿ ਆਪਣੇ ਆਪ ਵਿੱਚ ਵੱਖਰੀ ਭਾਂਤ ਦੀਆਂ ਸਿੱਖਿਆ ਸੰਸਥਾਵਾਂ ਹਨ, ਪਰ ਇਹ ਸਿੱਖਿਆ ਵਿਸ਼ੇਸ਼ ਭਾਂਤ ਰਸਮੀ ਸਿੱਖਿਆ ਦੀ ਤਰ੍ਹਾਂ ਸੰਗਠਿਤ ਨਹੀਂ ਹੁੰਦੀ। ਇਹ ਤਾਂ ਸਿਰਫ਼ ਜੋ ਵਿਅਕਤੀ ਨਾਲ ਨਾਲ ਸਮਾਜ ਵਿੱਚ ਰਹਿੰਦੇ ਹੋਣ ਉਨ੍ਹਾਂ ਨਾਲ ਸਬੰਧਿਤ ਹੁੰਦੀ ਹੈ। ਗ਼ੈਰ-ਰਸਮੀ ਸਿੱਖਿਆ ਤੋਂ ਵੀ ਇਹ ਇਸ ਭਾਂਤ ਵੱਖਰੀ ਹੈ। ਦੂਸਰੇ ਪਾਸੇ ਬਣਤਰ ਰਹਿਤ ਸਿੱਖਿਆ, ਗ਼ੈਰ-ਰਸਮੀ ਸਿੱਖਿਆ ਅਤੇ ਰਸਮੀ ਸਿੱਖਿਆ ਤੋਂ ਇਸ ਕਰਕੇ ਭਿੰਨ ਹੈ ਕਿ ਇਹ ਰਸਮੀ ਸਕੂਲ ਪ੍ਰਣਾਲੀ ਤੋਂ ਬਾਹਰ ਮੁਹੱਈਆ ਕੀਤੀ ਜਾਂਦੀ ਹੈ (ਭਾਵੇਂ ਇਹ ਗੁਣ ਗ਼ੈਰ-ਰਸਮੀ ਸਿੱਖਿਆ ਨਾਲ ਸਾਂਝਾਂ ਹੈ)। ਗ਼ੈਰ-ਰਸਮੀ ਸਿੱਖਿਆ ਬਣਤਰ ਰਹਿਤ ਸਿੱਖਿਆ ਤੋਂ ਇਸ ਕਰਕੇ ਭਿੰਨ ਹੈ, ਕਿਉਂਕਿ ਇਹ ਵੀ ਸੰਗਠਿਤ ਹੈ (ਬਣਤਰ ਰਹਿਤ, ਸਿੱਖਿਆ ਸੰਗਠਤ ਨਹੀਂ ਹੈ)।

**ਸ੍ਰੀ ਜੇ.ਪੀ. ਨਾਇਕ** ਆਪਣੇ ਵਿਚਾਰਾਂ ਨੂੰ ਦਰਸਾਉਂਦਾ ਹੋਇਆ ਕਹਿੰਦਾ ਹੈ ਕਿ ਸਿੱਖਿਆ ਦੇ ਇਕ ਤਿੰਨ ਚੈਨਲ ਇਕ ਦੂਸਰੇ ਤੋਂ ਪੂਰਨ ਭਾਂਤ ਵੱਖਰੇ ਵੀ ਨਹੀਂ ਹਨ। ਉਦਾਹਰਣ ਵਜੋਂ ਗ਼ੈਰ-ਰਸਮੀ ਸਿੱਖਿਆ ਅਤੇ ਰਸਮੀ ਸਿੱਖਿਆ ਦੀਆਂ ਕੁੱਝ ਇਕ ਕ੍ਰਿਆਵਾਂ ਇਕ ਦੂਸਰੇ ਨਾਲ ਮੇਲ ਖਾਂਦੀਆਂ ਹਨ, ਜਿਵੇਂ ਕਿ ਯੂਨੀਵਰਸਿਟੀਆਂ ਵਿੱਚ ਚਲਾਏ ਜਾ ਰਹੇ ਪੱਤਰ ਵਿਹਾਰ ਸਿੱਖਿਆ ਪ੍ਰੋਗਰਾਮ ਕਿਸੇ ਵੇਲੇ ਰਸਮੀ ਸਿੱਖਿਆ ਪ੍ਰੋਗਰਾਮ ਦੇ ਚੈਨਲ ਨੂੰ ਵਰਤੋਂ ਵਿੱਚ ਲਿਆਉਂਦੇ ਸਨ ਤਾਂ ਜੋ ਉਹ ਆਪਣਾ ਪ੍ਰੋਗਰਾਮ ਪੂਰਾ ਕਰ ਸਕਣ ਅਤੇ ਉਸ ਨੂੰ ਅੱਗੇ ਵਧਾ ਸਕਣ। ਸਕੂਲਾਂ ਵਿੱਚ ਰੇਡੀਓ ਅਤੇ ਟੈਲੀਵਿਜ਼ਨ ਨੂੰ ਸਿੱਖਿਆ ਦੇਣ ਲਈ ਵਰਤੋਂ ਵਿੱਚ ਲਿਆਉਣਾਂ ਵੀ ਰਸਮੀ ਤੇ ਗ਼ੈਰ-ਰਸਮੀ ਸਿੱਖਿਆ ਦੀ ਸਾਂਝੀ ਪ੍ਰਕ੍ਰਿਆ ਹੈ। ਇਸ ਤੋਂ ਬਿਨਾਂ ਹਰ ਇਕ ਸਕੂਲ ਆਪਣੀ ਕਿਸਮ ਦਾ ਇਕ ਸਮੁਦਾਇ ਹੈ ਅਤੇ ਆਪਣੇ ਤੌਰ ਤੇ ਬਣਤਰ ਰਹਿਤ ਸਿੱਖਿਆ ਦੇਣ ਲਈ ਵੀ ਇਕ ਚੰਗੀ ਕ੍ਰਿਆ ਨਿਭਾਉਂਦਾ ਹੈ, ਪਰ ਸਕੂਲ ਆਪਣੇ ਆਪ ਵਿੱਚ ਇਕ ਰਸਮੀ ਸਮੁਦਾਇ ਨਹੀਂ ਹੈ। ਮਿਸਾਲ ਦੇ ਤੌਰ ਤੇ ਯੂਨੀਵਰਸਿਟੀ ਕੈਂਪਸ ਵਿੱਚ ਅਧਿਆਪਕ ਅਤੇ ਵਿਦਿਆਰਥੀ ਇਕੱਠੇ ਰਹਿੰਦੇ ਹਨ ਅਤੇ ਅਚਨਚੇਤ ਸਿੱਖਿਆ ਜੋ ਕਿ ਇਕ ਸਮੁਦਾਇ ਦੁਆਰਾ ਪ੍ਰਦਾਨ ਕੀਤੀ ਜਾਂਦੀ ਹੈ ਇਹ ਪੜ੍ਹਾਉਣ ਦੇ ਕਮਰੇ ਵਿੱਚ ਜੋ ਕੁਝ ਵਾਪਰਦਾ ਹੈ ਉਸ ਤੋਂ ਵੀ ਜ਼ਿਆਦਾ ਲਾਭਕਾਰੀ ਹੁੰਦੀ ਹੈ , ਕਿਉਂਕਿ ਇਸ ਵਿੱਚ ਸਮੁਦਾਇ ਦਾ ਜ਼ਿਆਦਾ ਹਿੱਸਾ ਹੁੰਦਾ ਹੈ।ਬੱਚੇ ਸਕੂਲ ਨਾਲੋਂ, ਆਪਣੇ ਘਰ ਅਤੇ ਆਲੇ ਦੁਆਲੇ ਵਿੱਚ, ਜ਼ਿਆਦਾ ਸਮਾਂ ਰਹਿੰਦੇ ਹਨ। ਸਹੀ ਤੌਰ ਤੇ ਅਚਨਚੇਤ ਸਿੱਖਿਆ ਅਤੇ ਗ਼ੈਰ-ਰਸਮੀ ਸਿੱਖਿਆ ਵਿਚਕਾਰ ਲਕੀਰ ਖਿੱਚਣਾ ਕੋਈ ਆਸਾਨ ਕੰਮ ਨਹੀਂ ਹੈ, ਉਦਾਹਰਣ ਵਜੋਂ ਇਕ ਲੜਕੀ ਦਾ ਘਰੇਲੂ ਕੰਮ ਕਾਜ ਸਿੱਖਣਾ, ਇਕ ਬੱਚੇ ਜਾਂ ਕਿਸੇ ਪੁੱਤਰ ਦਾ ਆਪਣੇ ਪਿਤਾ ਵਾਲਾ ਕੰਮ ਸਿੱਖਣਾ ਜਾਂ ਇਕ ਨੌਜਵਾਨ ਆਦਮੀ ਦਾ ਕਿਸੇ ਮਾਹਿਰ ਸੰਗੀਤਕਾਰ ਤੋਂ ਸੰਗੀਤ ਸਿੱਖ ਲੈਣਾ, ਠੀਕ ਤੌਰ ਤੇ ਅਚਨਚੇਤ ਸਿੱਖਿਆ ਨਹੀਂ ਕਿਹਾ ਜਾ ਸਕਦਾ। ਇਸ ਦੇ ਪਿੱਛੇ ਵੀ ਇਕ ਬਹੁਤ ਵੱਡੀ ਸਮਾਜਿਕ ਪ੍ਰੰਪਰਾ ਚਲੀ ਆਉਂਦੀ ਹੈ ਜੋ ਕਿ ਅਜਿਹਾ ਕਰਨ ਲਈ ਮਜ਼ਬੂਰ ਕਰਦੀ ਹੈ। ਅਜਿਹਾ ਕਰਨਾ ਵਿਅਕਤੀ ਨੂੰ ਸੰਗਠਨ ਦੇ ਮੌਕਿਆਂ ਦਾ ਚੰਗੀ ਤਰ੍ਹਾਂ ਮਿਲਣ ਤੇ ਵੀ ਨਿਰਭਰ ਕਰਦਾ ਹੈ।

### ਸਾਰਣੀ 2.1

### ਅਚਨਚੇਤ ਜਾਂ ਅਣ-ਰਸਮੀ, ਗ਼ੈਰ-ਰਸਮੀ ਅਤੇ ਰਸਮੀ ਸਿੱਖਿਆ ਵਿੱਚ ਅੰਤਰ

### (Difference between In-formal, Non-formal and Formal Education)

| | ਅਣ-ਰਸਮੀ ਸਿੱਖਿਆ | ਗ਼ੈਰ-ਰਸਮੀ ਸਿੱਖਿਆ | ਰਸਮੀ ਸਿੱਖਿਆ |
|---|---|---|---|
| 1. | ਇਹ ਸੁੱਤੇ ਸਿੱਧ ਵਾਪਰਦੀ ਹੈ, ਤੇ ਜੀਵਨ ਭਰ ਚਲਦੀ ਹੈ। | ਇਹ ਸਕੂਲ ਦੀ ਪ੍ਰਣਾਲੀ ਤੋਂ ਬਾਹਰ ਯੋਜਨਾ ਬਣਾ ਕੇ ਪ੍ਰਦਾਨ ਕੀਤੀ ਜਾਂਦੀ ਹੈ ਤੇ ਜੀਵਨ ਭਰ ਚਲਦੀ ਹੈ । | ਇਹ ਸਕੂਲਾਂ, ਕਾਲਜਾਂ ਅਤੇ ਯੂਨੀਵਰਸਿਟੀਆਂ ਆਦਿ ਵਿੱਚ ਪ੍ਰਦਾਨ ਕੀਤੀ ਜਾਂਦੀ ਹੈ ਤੇ ਸਮੇਂਬੱਧ ਹੁੰਦੀ ਹੈ। |
| 2. | ਇਸ ਦਾ ਕੋਈ ਖ਼ਾਸ ਉਦੇਸ਼ ਨਹੀਂ ਹੁੰਦਾ। | ਇਸ ਦੇ ਸਪੱਸ਼ਟ ਉਦੇਸ਼ ਹੁੰਦੇ ਹਨ। | ਇਸ ਦੀ ਯੋਜਨਾ ਕਿਸੇ ਖ਼ਾਸ ਉਦੇਸ਼ ਨੂੰ ਮੁੱਖ ਰੱਖ ਕੇ ਕੀਤੀ ਜਾਂਦੀ ਹੈ। |

| | | | |
|---|---|---|---|
| 3. | ਇਸ ਨੂੰ ਪ੍ਰਦਾਨ ਕਰਨ ਵਾਲੀਆਂ ਸੰਸਥਾਵਾਂ ਹੁੰਦੀਆਂ ਹਨ, ਪਰਿਵਾਰ, ਸਮੁਦਾਇ, ਮੰਦਰ, ਖੇਡ ਦਾ ਮੈਦਾਨ ਆਦਿ। | ਇਸ ਲਈ ਰੇਡੀਓ,ਟੀ.ਵੀ. ਪੱਤਰ ਵਿਹਾਰ ਸਿੱਖਿਆ, ਦੂਰ ਸੰਚਾਰ ਸਿੱਖਿਆ ਦਾ ਪ੍ਰਯੋਗ ਕੀਤਾ ਜਾਂਦਾ ਹੈ। | ਇਸ ਨੂੰ ਪੂਰਾ ਕਰਨ ਲਈ ਸਕੂਲਾਂ,ਕਿੱਤਾਕਾਰੀ ਸੰਸਥਾਵਾਂ ਕਾਲਜਾਂ, ਯੂਨੀਵਰਸਿਟੀਆਂ ਆਦਿ ਤੇ ਪੁਸਤਕਾਂ, ਲਾਇਬ੍ਰੇਰੀਆਂ ਅਤੇ ਪ੍ਰਯੋਗਸ਼ਾਲਾਵਾਂ ਦਾ ਵਿਸ਼ੇਸ਼ ਪ੍ਰਬੰਧ ਕੀਤਾ ਜਾਂਦਾ ਹੈ। |
| 4. | ਇਸ ਨੂੰ ਸੰਗਠਿਤ ਕਰਨ ਵਾਲੀ ਕੋਈ ਸੰਸਥਾ ਨਹੀਂ ਹੁੰਦੀ ਹੈ। | ਇਸ ਦਾ ਪ੍ਰਬੰਧ ਕਿਸੇ ਇੱਕ ਸੰਸਥਾ ਦੁਆਰਾ ਕੀਤਾ ਜਾਂਦਾ ਹੈ। | ਇਸ ਦਾ ਪ੍ਰਬੰਧ ਸਰਕਾਰਾਂ ਜਾਂ ਫਿਰ ਲੋਕ ਭਲਾਈ ਸੇਵਾ ਸੰਸਥਾਵਾਂ ਕਰਦੀਆਂ ਹਨ। |
| 5. | ਪੜ੍ਹਨ ਦਾ ਅਤੇ ਯੋਜਨਾ ਬਣਾਉਣ ਦਾ ਕੋਈ ਢਾਂਚਾ ਨਹੀਂ ਹੁੰਦਾ। | ਪੜ੍ਹਨ ਅਤੇ ਯੋਜਨਾ ਬਣਾਉਣ ਦਾ ਇਕ ਸਿਸਟਮ ਹੁੰਦਾ ਹੈ। | ਨਿਸ਼ਚਿਤ ਸਮੇਂ ਵਿੱਚ ਨਿਸ਼ਚਿਤ ਪਾਠਕ੍ਰਮ ਖ਼ਤਮ ਕਰਨਾ ਹੁੰਦਾ ਹੈ। |
| 6. | ਇਸ ਲਈ ਗਿਆਨ ਪ੍ਰਾਪਤ ਕਰਨ ਜਾਂ ਫੇਰ ਸੂਚਨਾਂ ਇਕੱਤਰ ਕਰਨ ਦਾ ਵਿਸ਼ੇਸ਼ ਉਤਸ਼ਾਹ ਨਹੀਂ ਹੁੰਦਾ। | ਇਸਨੂੰ ਸਿੱਖਿਆ ਪ੍ਰਾਪਤ ਕਰਨ ਜਾਂ ਅਗਲੇਰੀ ਸਿੱਖਿਆ ਪ੍ਰਾਪਤ ਕਰਨ ਜਾਂ ਟ੍ਰੇਨਿੰਗ ਲੈਣ ਜਾਂ ਕੰਮ ਸਿੱਖਣ ਲਈ ਉਤਸ਼ਾਹ ਹੁੰਦਾ ਹੈ। | ਇਸ ਵਿੱਚ ਬਹੁਤ ਉਤਸ਼ਾਹ ਹੁੰਦਾ ਹੈ ਅਤੇ ਪੜ੍ਹਨ ਪੜ੍ਹਾਉਣ ਦੀਆਂ ਕ੍ਰਿਆਵਾਂ ਇਸ ਪ੍ਰਕਾਰ ਬਣਾਈਆਂ ਜਾਂਦੀਆਂ ਹਨ ਕਿ ਉਹ ਅਧਿਆਪਕਾਂ ਅਤੇ ਵਿਦਿਆਰਥੀਆਂ ਨੂੰ ਉਤਸ਼ਾਹਿਤ ਕਰਦੀਆਂ ਹਨ। |
| 7. | ਇਸ ਲਈ ਕੋਈ ਵਿਉਂਤਬੰਦੀ ਨਹੀਂ ਬਣਾਈ ਜਾਂਦੀ। | ਕੀਤਾ ਜਾਂਦਾ ਹੈ ਤੇ ਇਸ ਦੇ ਆਧਾਰ ਤੇ ਡਿਗਰੀ ਜਾਂ ਡਿਪਲੋਮੇ ਪ੍ਰਦਾਨ ਕੀਤੇ ਜਾਂਦੇ ਹਨ। | ਬਹੁਤੀ ਵਾਰ ਮੁਲਾਂਕਣ ਇਸ ਵਿੱਚ ਸਮੇਂ ਸਮੇਂ ਸਿਰ ਮੁਲਾਂਕਣ ਹੁੰਦਾ ਰਹਿੰਦਾ ਹੈ ਤੇ ਸਿਰਫ਼ ਉਨ੍ਹਾਂ ਨੂੰ ਹੀ ਡਿਗਰੀਆਂ ਜਾਂ ਡਿਪਲੋਮੇ ਪ੍ਰਦਾਨ ਕੀਤੇ ਜਾਂਦੇ ਹਨ ਜੋ ਕਿ ਕਾਮਯਾਬ ਹੋਣ। |
| 8. | ਇਸ ਦਾ ਵਿਦਿਆਰਥੀ ਦੇ ਮਨ 'ਤੇ ਕੋਈ ਬੋਝ ਨਹੀਂ ਹੁੰਦਾ। | ਇਸ ਵਿੱਚ ਵਿਦਿਆਰਥੀ ਦੇ ਮਨ ਤੇ ਕੁਝ ਭਾਰ ਜ਼ਰੂਰ ਹੁੰਦਾ ਹੈ ਕਿਉਂਕਿ ਇਸ | ਇਸ ਦਾ ਆਧਾਰ ਰੋਜ਼ਗਾਰ ਹੁੰਦਾ ਹੈ, ਇਸ ਲਈ ਵਿਦਿਆਰਥੀ ਦੇ ਮਨ ਤੇ ਇਸ |

| | | | |
|---|---|---|---|
| | | ਲਈ ਸੰਜੀਦਾ ਉਪਰਾਲਿਆਂ ਦੀ ਲੋੜ ਹੁੰਦੀ ਹੈ। | ਦਾ ਕਾਫ਼ੀ ਬੋਝ ਹੁੰਦਾ ਹੈ। |
| 9. | ਇਸ ਨੂੰ ਪ੍ਰਦਾਨ ਕਰਨ ਲਈ ਕੋਈ ਅਧਿਆਪਕ ਨਿਯੁਕਤ ਨਹੀਂ ਕੀਤੇ ਜਾਂਦੇ। ਇਸ ਬਾਰੇ ਗਿਆਨ ਸਮਾਜ ਦੇ ਵੱਡੇ ਵਿਅਕਤੀਆਂ ਦੇ ਮੇਲ ਜੋਲ ਨਾਲ ਵੀ ਪ੍ਰਾਪਤ ਹੁੰਦਾ ਹੈ। | ਇਸ ਵਿੱਚ ਕਰਮਚਾਰੀ ਹੁੰਦੇ ਹਨ, ਜੋ ਕਿ ਸਿੱਖਿਆ ਦੀ ਵਿਧੀ ਦੀ ਪ੍ਰਤੀਨਿਧਤਾ ਕਰਦੇ ਹਨ। | ਇਸ ਵਿੱਚ ਸਿੱਖਿਆ ਨੂੰ ਪ੍ਰਦਾਨ ਕਰਨ ਵਾਲੇ ਅਧਿਆਪਕ ਹੁੰਦੇ ਹਨ, ਜੋ ਕਿ ਯੋਜਨਾਬੱਧ ਵਿਧੀ ਨਾਲ ਸਿੱਖਿਆ ਪ੍ਰਦਾਨ ਕਰਦੇ ਹਨ। |
| 10. | ਇਸ 'ਚ ਵਿਦਿਆਰਥੀ ਸੁਚੇਤ ਨਹੀਂ ਹੁੰਦੇ। | ਇਸ ਵਿੱਚ ਅਧਿਆਪਕ ਅਤੇ ਵਿਦਿਆਰਥੀ ਸੁਚੇਤ ਹੁੰਦੇ ਹਨ। | ਅਧਿਆਪਕ ਅਤੇ ਵਿਦਿਆਰਥੀ ਪੱਕੀ ਭਾਂਤ ਸੁਚੇਤ ਹੁੰਦੇ ਹਨ ਅਤੇ ਇਸ ਲਈ ਵਿਧੀ ਵਿੱਚ ਖ਼ਾਸ ਉਪਰਾਲੇ ਕਰਦੇ ਹਨ। |
| 11. | ਇਸ ਲਈ ਅੰਦਰ ਆਉਣ ਅਤੇ ਬਾਹਰ ਜਾਣ ਲਈ ਕੋਈ ਨਿਸ਼ਚਿਤ ਸਥਾਨ ਨਹੀਂ ਹੁੰਦਾ। | ਇਸ ਵਿੱਚ ਕਈ ਭਾਂਤ ਦੀ ਅਤੇ ਕਈ ਸਥਾਨਾਂ ਤੋਂ ਪ੍ਰਵੇਸ਼ ਲਈ ਸਥਾਨ ਹੁੰਦੇ ਹਨ। ਇਸ ਵਿੱਚ ਕਈ ਤਰ੍ਹਾਂ ਦਾਖਲਾ ਲਿਆ ਜਾ ਸਕਦਾ ਹੈ ਅਤੇ ਵਿਚਕਾਰ ਛੱਡਿਆ ਵੀ ਜਾ ਸਕਦਾ ਹੈ। | ਇਸ ਵਿੱਚ ਸਿਰਫ਼ ਇੱਕ ਸਥਾਨ ਤੋਂ ਹੀ ਪ੍ਰਵੇਸ਼ ਕੀਤਾ ਜਾ ਸਕਦਾ ਹੈ ਅਤੇ ਇਕ ਵਾਰ ਹੀ ਬਾਹਰ ਜਾਇਆ ਜਾ ਸਕਦਾ ਹੈ। |
| 12. | ਇਸ ਦੁਆਰਾ ਵਿਅਕਤੀਗਤ ਗਿਆਨ ਵਧਦਾ ਹੈ। | ਇਸ ਰਾਹੀਂ ਵਿਅਕਤੀ ਆਪਣੀ ਲੋੜ ਅਨੁਸਾਰ ਗਿਆਨ ਜਾਂ ਸਿਲਖਾਈ ਦੀ ਪ੍ਰਾਪਤੀ ਕਰ ਸਕਦਾ ਹੈ। | ਇਸ ਰਾਹੀਂ ਗ਼ੈਰ-ਵਿਅਕਤਿਤਵ ਗਿਆਨ ਦੀ ਪ੍ਰਾਪਤੀ ਕੀਤੀ ਜਾਂਦੀ ਹੈ। |
| 13. | ਇਸ ਦਾ ਕੋਈ ਨਿਸ਼ਚਿਤ ਪਾਠਕ੍ਰਮ ਨਹੀਂ ਹੁੰਦਾ। | ਇਸ ਲਈ ਲੋੜ ਅਨੁਸਾਰ ਲਚਕੀਲਾ ਅਤੇ ਪੱਕੀ ਭਾਂਤ ਦਾ ਪਾਠਕ੍ਰਮ ਵੀ ਹੋ ਸਕਦਾ ਹੈ। | ਇਸ ਦੇ ਪੱਕੇ ਸੰਕਲਪ ਹੁੰਦੇ ਹਨ ਅਤੇ ਲੜੀਵਾਰ ਸਮੱਗਰੀ ਹੁੰਦੀ ਹੈ। ਇਸ ਦੀ ਵਿਉਂਤਬੰਦੀ ਕਈ ਸੰਸਥਾਵਾਂ |

| | | | |
|---|---|---|---|
| | | | ਦੁਆਰਾ ਕੀਤੀ ਜਾਂਦੀ ਹੈ । ਇਸ ਨੂੰ ਸਮੇਂ-ਸਮੇਂ ਤਬਦੀਲ ਵੀ ਕੀਤਾ ਜਾਂਦਾ ਹੈ । |
| 14. | ਇਹ ਸੁੱਤੇ ਸਿੱਧ ਵਾਪਰਦਾ ਹੈ । ਇਸ ਨੂੰ ਜਬਰਦਸਤੀ ਨਹੀਂ ਲਗਾਇਆ ਜਾਂਦਾ ਹੈ । | ਇਸ ਵਿੱਚ ਮਿੱਲ–ਜੁਲ ਕੇ ਅਤੇ ਸਾਂਝ ਪਾ ਕੇ ਫੈਸਲਾ ਕੀਤਾ ਜਾਂਦਾ ਹੈ,ਵਿਸ਼ਲੇਸ਼ਣ ਕੀਤਾ ਜਾਂਦਾ ਹੈ ਅਤੇ ਫੈਸਲਾ ਅਧਿਆਪਕ ਦੀ ਸਾਂਝ ਨਾਲ ਕੀਤਾ ਜਾਂਦਾ ਹੈ । | ਆਮ ਕਰਕੇ ਇਹ ਅਧਿਆਪਕ ਪਾਸੋਂ ਵਿਦਿਆਰਥੀ ਨੂੰ ਪ੍ਰਦਾਨ ਕੀਤੀ ਜਾਂਦੀ ਹੈ ਜਿਸ ਵਿੱਚ ਕੁੱਝ ਹੱਦ ਤੱਕ ਸਾਂਝ ਵੀ ਹੁੰਦੀ ਹੈ । |
| 15. | ਇਸ ਦੀ ਪ੍ਰਾਪਤੀ ਵਿਅਕਤੀ ਆਪਣੀ ਗਤੀ ਨਾਲ ਕਰਦਾ ਹੈ । | ਇਸ ਦੁਆਰਾ ਅਜਿਹੇ ਯਤਨ ਕੀਤੇ ਜਾਂਦੇ ਕਿ ਸਭ ਨੂੰ ਹੀ ਸਫਲਤਾ ਮਿਲੇ ਤੇ ਸਭ ਦੀ ਹੀ ਸਿਖਲਾਈ ਹੋਵੇ । | ਇਸ ਵਿੱਚ ਫੇਲ੍ਹ ਹੋਣ ਵਾਲਿਆਂ ਨੂੰ ਲਾਈਨ ਵਿੱਚੋਂ ਕੱਢ ਦਿੱਤਾ ਜਾਂਦਾ ਹੈ । |
| 16. | ਇਸ ਲਈ ਕਿਸੇ ਹੁਕਮ ਜਾਂ ਪ੍ਰਵਾਨਗੀ ਦੀ ਲੋੜ ਨਹੀਂ ਹੁੰਦੀ । | ਇਸ ਰਾਹੀਂ ਖੁੱਲ੍ਹੀ ਅਤੇ ਆਤਮਿਕ ਪ੍ਰਾਪਤੀ ਵਾਲੀ ਸੁਚੇਤਨਾ ਆਉਂਦੀ ਹੈ । | ਇਸ ਵਿੱਚ ਹੁਕਮ ਮੰਨਣਾ ਹੁੰਦਾ ਹੈ ਅਤੇ ਇਸ ਦੀ ਤਾਮੀਲ ਕਰਨੀ ਹੁੰਦੀ ਹੈ । |

### 1.2.7 ਸੰਖੇਪ (Summary)

ਸਿੱਖਿਆ ਦੇ ਸੰਕਲਪ ਨੂੰ ਭਲੀ ਭਾਂਤੀ ਸਮਝਣ ਲਈ ਇਸ ਨੂੰ ਮੋਟੇ ਤੌਰ ਤੇ ਤਿੰਨ ਭਾਗਾਂ ਵਿੱਚ ਵੰਡਿਆ ਜਾ ਸਕਦਾ ਹੈ । ਪਹਿਲੀ ਅਣਰਸਮੀ ਸਿੱਖਿਆ ਹੁੰਦੀ ਹੈ ਜਿਸ ਬਾਬਤ ਇਹ ਗੱਲ੍ਹ ਸਪਸ਼ਟ ਹੁੰਦੀ ਹੈ, ਕਿ ਇਸ ਲਈ ਵਿਸ਼ੇਸ਼ ਸੰਗਠਿਤ ਉਪਰਾਲੇ ਨਹੀਂ ਕੀਤੇ ਜਾਂਦੇ । ਬੱਚਾ ਆਪਣੇ ਆਲੇ ਦੁਆਲੇ ਦੇ ਸੰਬੰਧਾਂ ਨਾਲ, ਮਾਂ ਬਾਪ ਨਾਲ ਗੱਲ੍ਹਾਂ ਕਰਦਾ ਹੋਇਆ, ਆਂਢੀਆਂ-ਗੁਆਂਢੀਆਂ ਨਾਲ ਤੋਤਲੀਆਂ ਗੱਲ੍ਹਾਂ ਕਰਦਾ ਹੈ, ਦੂਸਰੇ ਬੱਚਿਆਂ ਨਾਲ ਖੇਡਾਂ ਖੇਡਦਾ ਹੋਇਆ ਤੇ ਭੈਣਾਂ ਭਰਾਵਾਂ ਨਾਲ ਸਾਂਝਾਂ ਬਣਾਉਂਦਾ ਹੋਇਆ ਸਿੱਖ ਜਾਂਦਾ ਹੈ । ਇਸ ਲਈ ਉਪਰਾਲੇ ਕੀਤੇ ਜਾਂਦੇ ਹਨ, ਪਰ ਉਹ ਪੂਰਨ ਭਾਂਤ ਸੰਗਠਿਤ ਨਹੀਂ ਹੁੰਦੇ ।

ਰਸਮੀ ਸਿੱਖਿਆ ਸਕੂਲਾਂ ਕਾਲਜਾਂ ਵਿੱਚ ਪ੍ਰਦਾਨ ਕੀਤੀ ਜਾਂਦੀ ਹੈ । ਇਸ ਲਈ ਸਮਾਂ, ਸਥਾਨ, ਪਾਠਕ੍ਰਮ ਤੇ ਪੜ੍ਹਾਉਣ ਦੀਆਂ ਵਿਧੀਆਂ ਸ਼ਾਮਿਲ ਹੁੰਦੀਆਂ ਹਨ । ਇਸ ਲਈ ਪੜ੍ਹਾਉਣ ਦੇ ਕਮਰੇ ਬਣਾਏ ਜਾਂਦੇ ਹਨ, ਘੰਟੀਆਂ ਵੱਜਦੀਆਂ ਹਨ, ਮੁਲਾਂਕਣ ਕੀਤੇ ਜਾਂਦੇ ਹਨ ਤੇ ਪ੍ਰੀਖਿਆਵਾਂ ਦੇ ਆਧਾਰ ਤੇ ਡਿਗਰੀਆਂ, ਸਰਟੀਫਿਕੇਟ ਤੇ ਡਿਪਲੋਮੇ ਪ੍ਰਦਾਨ ਕੀਤੇ ਜਾਂਦੇ ਹਨ । ਇਸ ਨੂੰ ਪ੍ਰਦਾਨ ਕਰਨ ਲਈ ਸਰਕਾਰ ਵਿਸ਼ੇਸ਼ ਉਪਰਾਲੇ ਕਰਦੀ ਹੈ ਤੇ ਵੋਲੰਟਰੀ ਸੰਸਥਾਵਾਂ ਵੀ ਆਪਣਾ ਯੋਗਦਾਨ ਪਾਉਂਦੀਆਂ ਹਨ ।

ਅਣ-ਰਸਮੀ ਸਿੱਖਿਆ ਅਸਲ ਵਿੱਚ ਰਸਮੀ ਤੇ ਗ਼ੈਰ-ਰਸਮੀ ਸਿੱਖਿਆ ਦੇ ਵਿਚਕਾਰਲੀ ਸਿੱਖਿਆ ਹੁੰਦੀ ਹੈ । ਇਸ ਲਈ ਵੀ ਵਿਸ਼ੇਸ਼ ਉਪਰਾਲੇ ਕੀਤੇ ਜਾਂਦੇ ਹਨ, ਪਰ ਜਮਾਤ ਦੇ ਕਮਰੇ ਵਿੱਚ ਪੀਰੀਅਡ ਪੜ੍ਹਾਉਣ ਨਾਲੋਂ ਵੱਧ ਮਹੱਤਤਾ ਹੋਰ ਸਾਧਨਾਂ ਜਿਵੇਂ ਟੀ.ਵੀ., ਰੇਡੀਓ, ਫ਼ਿਲਮਾਂ, ਛਪੀ ਹੋਈ ਸਮੱਗਰੀ, ਪਾਠਾਂ ਨੂੰ ਘਲਣਾ ਤੇ ਉਨ੍ਹਾਂ ਦੀਆਂ ਅਸਾਈਨਮੈਂਟਾਂ ਦਾ ਮੁਲਾਂਕਣ ਕਰਕੇ ਸੁਧਾਰ ਲਈ ਸੁਝਾਓ ਦੇਣੇ ਵੀ ਆ ਜਾਂਦੇ ਹਨ ।

ਇਨ੍ਹਾਂ ਤਿੰਨਾਂ ਤਰ੍ਹਾਂ ਦੀਆਂ ਸਿੱਖਿਆ ਸਾਧਨਾਂ ਵਿੱਚ ਕੋਈ ਵੀ ਇਕ ਦੂਸਰੇ ਦੇ ਵਿਰੁੱਧ ਨਹੀਂ ਹੁੰਦਾ। ਇਨ੍ਹਾਂ ਤਿੰਨਾਂ ਦੀ ਹੀ ਆਪਣੀ ਆਪਣੀ ਮਹੱਤਤਾ ਹੈ। ਆਉਣ ਵਾਲੇ ਸਮੇਂ ਵਿੱਚ ਇੰਝ ਪ੍ਰਤੀਤ ਹੁੰਦਾ ਹੈ ਕਿ ਗ਼ੈਰ-ਰਸਮੀ ਸਿੱਖਿਆ ਹੀ ਵਧੇਰੇ ਪ੍ਰਫੁਲਤ ਹੋਵੇਗੀ ਕਿਉਂਕਿ ਸਾਰੀ ਦੀ ਸਾਰੀ ਦੁਨੀਆਂ ਨੂੰ ਪੜ੍ਹਾਉਣਾ ਰਸਮੀ ਸਿੱਖਿਆ ਦੇ ਵੱਸ ਦੀ ਗੱਲ ਨਹੀਂ ਹੈ। ਇਹ ਮਹਿੰਗੀ ਵੀ ਹੁੰਦੀ ਹੈ ਤੇ ਕਈਆਂ ਦੇ ਹਾਲਾਤ ਵੀ ਇਸ ਪ੍ਰਕਾਰ ਦੇ ਹੋ ਸਕਦੇ ਹਨ ਕਿ ਉਹ ਇਸ ਦੀਆਂ ਸੇਵਾਵਾਂ ਦਾ ਵਧੇਰੇ ਲਾਭ ਨਾ ਉਠਾ ਸਕਦੇ ਹੋਣ। ਦੂਸਰੇ ਤਕਨੀਕੀ ਸਾਧਨਾਂ ਦੇ ਪ੍ਰਫੁਲਤ ਹੋਣ ਨਾਲ ਇੰਝ ਪ੍ਰਤੀਤ ਹੁੰਦਾ ਹੈ ਕਿ ਇਹ ਪ੍ਰਣਾਲੀ ਹੋਰ ਵੀ ਵੱਧ ਸ਼ਕਤੀਸ਼ਾਲੀ ਤੇ ਉਪਯੋਗੀ ਬਣ ਜਾਵੇਗੀ।

## 1.2.8 ਸਵੈ-ਮੁਲਾਂਕਣ ਲਈ ਪ੍ਰਸ਼ਨ (Questions for Self-Evaluation)

1. ਅਣ-ਰਸਮੀ ਸਿੱਖਿਆ ਵਿੱਚ ਅਧਿਆਪਕ ਦਾ ਕੋਈ ਸਥਾਨ ਨਹੀਂ ਹੁੰਦਾ। ਹਾਂ/ਨਹੀਂ
2. ਅਣ-ਰਸਮੀ ਸਿੱਖਿਆ ਦੀ ਕੋਈ ਮਹੱਤਤਾ ਨਹੀਂ ਹੈ। ਹਾਂ/ਨਹੀਂ
3. ਰਸਮੀ ਸਿੱਖਿਆ ਹੀ ਅਸਲੀ ਸਿੱਖਿਆ ਹੈ, ਬਾਕੀ ਸਭ ਅਡੰਬਰ ਹਨ। ਹਾਂ/ਨਹੀਂ
4. ਰਸਮੀ ਸਿੱਖਿਆ ਵਿਦਿਆਰਥੀਆਂ ਨੂੰ ਦੂਰ ਦੁਰਾਡੇ ਬੈਠਿਆਂ ਵੀ ਪ੍ਰਦਾਨ ਕੀਤੀ ਜਾ ਸਕਦੀ ਹੈ। ਹਾਂ/ਨਹੀਂ
5. ਰਸਮੀ ਸਿੱਖਿਆ ਵਿੱਚ ਵਿਦਿਆਰਥੀ ਅਧਿਆਪਕ ਦੀ ਅਧੀਨਗੀ ਵਿੱਚ ਹੁੰਦੇ ਹਨ। ਹਾਂ/ਨਹੀਂ
6. ਗ਼ੈਰ-ਰਸਮੀ ਸਿੱਖਿਆ ਆਪਣੇ ਆਪ ਵਿਚ ਅਪੂਰਨ ਹੁੰਦੀ ਹੈ। ਹਾਂ/ਨਹੀਂ
7. ਗ਼ੈਰ-ਰਸਮੀ ਸਿੱਖਿਆ ਵਿੱਚ ਅਧਿਆਪਕ ਦਾ ਕੋਈ ਸਥਾਨ ਨਹੀਂ ਹੁੰਦਾ। ਹਾਂ/ਨਹੀਂ
8. ਗ਼ੈਰ-ਰਸਮੀ ਸਿੱਖਿਆ, ਰਸਮੀ ਸਿੱਖਿਆ ਤੋਂ ਬਗੈਰ ਲੰਗੜੀਂ ਹੁੰਦੀ ਹੈ। ਹਾਂ/ਨਹੀਂ
9. ਗ਼ੈਰ-ਰਸਮੀ ਸਿੱਖਿਆ, ਸਿੱਖਿਆ ਦੇ ਭਵਿੱਖ ਦੀ ਭਵਿਸ਼ਬਾਣੀ ਹੈ। ਹਾਂ/ਨਹੀਂ
10. ਗ਼ੈਰ-ਰਸਮੀ ਸਿੱਖਿਆ ਦੀ ਮਹੱਤਤਾ ਸਿੱਖਿਆ ਤਕਨੋਲੋਜੀ ਨੂੰ ਤਬਾਹ ਕਰ ਦਿੰਦੀ ਹੈ। ਹਾਂ/ਨਹੀਂ

**ਕੁੰਜੀ:**

(1) ਹਾਂ (2) ਨਹੀਂ (3) ਨਹੀਂ (4) ਨਹੀਂ (5) ਹਾਂ (6) ਨਹੀਂ (7) ਨਹੀਂ (8) ਨਹੀਂ (9) ਹਾਂ (10) ਨਹੀਂ

## 1.2.9 ਸੁਝਾਏ ਪ੍ਰਸ਼ਨ (Suggested Questions)

1. ਅਣ-ਰਸਮੀ ਸਿੱਖਿਆ ਕਿਸ ਪ੍ਰਕਾਰ ਨਾਲ ਸਿੱਖਿਆ ਦਾ ਲਾਜ਼ਮੀ ਭਾਗ ਹੈ ? ਆਪਣੇ ਵਿਚਾਰਾਂ ਦੀ ਪੁਸ਼ਟੀ ਉਦਾਹਰਣਾਂ ਨਾਲ ਕਰੋ।
2. ਗ਼ੈਰ-ਰਸਮੀ ਸਿੱਖਿਆ ਕਿਸ ਪ੍ਰਕਾਰ ਉਤਪੰਨ ਹੁੰਦੀ ਹੈ ? ਇਸ ਦੇ ਕੀ ਲਾਭ ਹਨ ?
3. ਰਸਮੀ ਸਿੱਖਿਆ ਵਿਉਂਤਬੱਧ ਸਿੱਖਿਆ ਕਿਸ ਪ੍ਰਕਾਰ ਹੁੰਦੀ ਹੈ, ਇਸ ਬਾਰੇ ਚਾਰ ਲਾਈਨਾਂ ਲਿਖੋ।
4. ਰਸਮੀ ਸਿੱਖਿਆ ਵਿੱਚ ਅਧਿਆਪਕ ਦਾ ਵਿਦਿਆਰਥੀ ਤੇ ਕਿਸ ਪ੍ਰਕਾਰ ਸਿੱਧਾ ਪ੍ਰਭਾਵ ਹੁੰਦਾ ਹੈ, ਇਸ ਬਾਰੇ ਪੰਜ ਲਾਈਨਾਂ ਲਿਖੋ।
5. ਅਣਰਸਮੀ ਸਿੱਖਿਆ ਸੁੱਤੇ ਸਿੱਧ ਸਿੱਖਿਆ ਹੁੰਦੀ ਹੈ, ਦਾ ਵਰਨਣ ਚਾਰ ਲਾਈਨਾਂ ਵਿੱਚ ਕਰੋ।
6. ਅਣਰਸਮੀ ਸਿੱਖਿਆ ਅਸੰਗਠਿਤ ਸਿੱਖਿਆ ਹੁੰਦੀ ਹੈ, ਨੂੰ ਚਾਰ ਲਾਈਨਾਂ ਵਿੱਚ ਦਰਸਾਓ।

## 1.2.10 ਸੁਝਾਈ ਪੁਸਤਕ ਸੂਚੀ (Suggested Books)


1. ਤਨੇਜਾ, ਵੀ.ਆਰ. : ਫਾਊਂਡੇਸ਼ਨ ਆਫ਼ ਐਜੂਕੇਸ਼ਨ
2. ਸੋਢੀ, ਟੀ.ਐਸ ਅਤੇ ਹਰਿੰਦਰ ਕੌਰ ਸੋਢੀ : ਸਿੱਖਿਆ ਦੇ ਸਮਾਜਿਕ ਅਤੇ ਦਾਰਸ਼ਨਿਕ ਆਧਾਰ
3. ਸ਼ਰਮਾ, ਆਰ.ਐਨ. : ਪ੍ਰਿੰਸੀਪਲਜ਼ ਐਂਡ ਟੈਕਨੀਕਸ ਆਫ਼ ਐਜੂਕੇਸ਼ਨ
4. ਕਾਂਸਲ, ਐਮ.ਆਰ. : ਪ੍ਰਿੰਸੀਪਲਜ਼ ਆਫ਼ ਐਜੂਕੇਸ਼ਨ
5. ਬਰਾਊਡੀ, ਐਚ.ਐਸ. : ਬਿਲਡਿੰਗ ਏ ਫਿਲਾਸਫੀ ਆਫ ਐਜੂਕੇਸ਼ਨ

**ਪਾਠ ਨੰ: 1.3** **ਲੇਖਿਕਾ – ਡਾ. ਮਨਜੀਤ ਕੌਰ**

# ਸਿੱਖਿਆ ਦੇ ਉਦੇਸ਼, ਲੋੜ, ਮਹੱਤਤਾ ਅਤੇ ਸਿੱਖਿਆ ਦੇ ਉਦੇਸ਼ਾਂ ਨੂੰ ਨਿਰਧਾਰਿਤ ਕਰਨ ਵਾਲੇ ਕਾਰਕ

## ਪਾਠ ਦੀ ਬਣਤਰ


1.3.1 ਉਦੇਸ਼

1.3.2 ਜਾਣ-ਪਛਾਣ

1.3.3 ਸਿੱਖਿਆ ਦੇ ਉਦੇਸ਼ਾਂ ਦਾ ਅਰਥ

1.3.4 ਸਿੱਖਿਆ ਦੇ ਉਦੇਸ਼ਾਂ ਦੀ ਲੋੜ

1.3.5 ਸਿੱਖਿਆ ਦੇ ਉਦੇਸ਼ਾਂ ਦੀ ਮਹੱਤਤਾ

1.3.6 ਸਿੱਖਿਆ ਨੂੰ ਉਦੇਸ਼ ਨਿਰਧਾਰਿਤ ਕਰਨ ਵਾਲੇ ਕਾਰਕ

1.3.7 ਸਾਰ

1.3.8 ਸੁਝਾਏ ਪ੍ਰਸ਼ਨ

1.3.9 ਸੁਝਾਈਆਂ ਪੁਸਤਕਾਂ


### 1.3.1 ਉਦੇਸ਼ (Objectives) :

ਇਸ ਪਾਠ ਨੂੰ ਪੜ੍ਹਨ ਉਪਰੰਤ ਵਿਦਿਆਰਥੀ :

(i) ਸਿੱਖਿਆ ਦੇ ਉਦੇਸ਼ਾਂ ਦੇ ਅਰਥ ਨੂੰ ਸਮਝ ਲੈਣਗੇ।

(ii) ਵਿਦਿਆਰਥੀ ਵਰਤਮਾਨ ਸਮੇਂ ਵਿੱਚ ਸਿੱਖਿਆ ਦੇ ਆਦਰਸ਼ਕ ਉਦੇਸ਼ਾਂ ਤੋਂ ਜਾਣੂ ਹੋ ਜਾਣਗੇ।

(iii) ਸਿੱਖਿਆ ਦੇ ਉਦੇਸ਼ਾਂ ਦੀ ਲੋੜ ਅਤੇ ਮਹੱਤਤਾ ਤੋਂ ਜਾਣੂ ਹੋ ਜਾਣਗੇ।

(iv) ਸਿੱਖਿਆ ਦੇ ਉਦੇਸ਼ਾਂ ਦੇ ਕਾਰਕਾਂ ਬਾਰੇ ਜਾਣ ਲੈਣਗੇ।

### 1.3.2 ਜਾਣ-ਪਛਾਣ (Introduction) :

ਸੰਸਾਰ ਵਿੱਚ ਜਿੰਨੀਆਂ ਵੀ ਕਿਰਿਆਵਾਂ ਹੁੰਦੀਆਂ ਹਨ, ਉਹ ਕਿਸੇ ਨਾ ਕਿਸੇ ਨਿਸ਼ਾਨੇ ਵੱਲ ਕੇਂਦਰਿਤ ਹੁੰਦੀਆਂ ਹਨ। ਜਦੋਂ ਕੋਈ ਕਿਰਿਆ ਆਰੰਭ ਹੁੰਦੀ ਹੈ ਤਾਂ ਉਸ ਦਾ ਕਿਸੇ ਨਾ ਕਿਸੇ ਪੱਧਰ ਤੇ ਅੰਤ ਵੀ ਹੁੰਦਾ ਹੈ। ਕਿਰਿਆ ਦਾ ਅੰਤ ਕਿਥੇ ਹੋਵੇਗਾ, ਇਸ ਗੱਲ ਨੂੰ ਜੇਕਰ ਕਿਰਿਆ ਦੇ ਆਰੰਭ ਵਿੱਚ ਹੀ ਜਾਣ ਲਿਆ ਜਾਵੇ ਤਾਂ ਉਸ ਕਿਰਿਆ ਦੇ ਨਿਸ਼ਾਨੇ ਦਾ ਪਤਾ ਲੱਗ ਸਕਦਾ ਹੈ। ਇਸ ਤਰ੍ਹਾਂ ਕਿਰਿਆ ਦੇ ਅੰਤ ਦੀ ਪੂਰਵ ਦ੍ਰਿਸ਼ਟੀ ਹੀ ਇਕ ਤਰ੍ਹਾਂ ਨਾਲ ਉਸ ਕਿਰਿਆ ਦਾ ਉਦੇਸ਼ ਹੁੰਦਾ ਹੈ। ਉਦੇਸ਼-ਵਿਹੀਨ ਕਿਰਿਆ ਦੀ ਹੋਂਦ ਤੋ ਕੁਝ ਵਿਦਵਾਨ ਇਨਕਾਰ ਕਰਦੇ ਹਨ।

ਸਿੱਖਿਆ ਵੀ ਇਕ ਤਰ੍ਹਾਂ ਦੀ ਕਿਰਿਆ ਹੈ ਅਤੇ ਇਸਦਾ ਵੀ ਉਦੇਸ਼ ਹੁੰਦਾ ਹੈ। ਉਦੇਸ਼ ਵਿਹੀਨ ਸਿੱਖਿਆ ਨਿਰਾਰਥਕ ਹੈ।

### 1.3.3 ਸਿੱਖਿਆ ਦੇ ਉਦੇਸ਼ ਦਾ ਅਰਥ (Meaning of Aims of Education) :

ਸਿੱਖਿਆ ਦੇ ਵੀ ਆਪਣੇ ਕੁਝ ਉਦੇਸ਼ ਹੁੰਦੇ ਹਨ ਜਿਨ੍ਹਾਂ ਦੀ ਪ੍ਰਾਪਤੀ ਲਈ ਸੰਪੂਰਣ ਵਿੱਦਿਅਕ ਢਾਂਚੇ ਦਾ ਜਨਮ ਤੇ ਵਿਕਾਸ ਹੋਇਆ ਹੈ। ਉਦੇਸ਼ਾਂ ਦੀ ਜਾਣਕਾਰੀ ਇਕ ਅਧਿਆਪਕ ਲਈ ਅਤਿ ਜ਼ਰੂਰੀ ਹੈ। ਕਿਉਂਕਿ ਉਹ ਇਕ ਮਲਾਹ ਦੀ ਤਰ੍ਹਾਂ ਹੁੰਦਾ ਹੈ ਅਤੇ ਉਦੇਸ਼ ਉਸਦੀ ਮੰਜ਼ਿਲ ਤੱਕ ਪਹੁੰਚਣ ਦਾ ਇਕ ਰਸਤਾ ਹਨ। ਜਿਵੇ ਕਿ:-

1. ਉਦੇਸ਼ ਦੇ ਬਿਨਾਂ ਸਿੱਖਿਆ ਅਰਥਪੂਰਣ ਨਹੀਂ ਹੋ ਸਕਦੀ। ਜੋਹਨ ਡਿਊਟੀ ਅਨੁਸਾਰ ''ਉਦੇਸ਼ ਪਹਿਲਾਂ ਤੋਂ ਸੋਚੇ ਗਏ ਉਹ ਟੀਚੇ ਹਨ ਜੋ ਇਕ ਕਿਰਿਆ ਨੂੰ ਦਿਸ਼ਾ ਪ੍ਰਦਾਨ ਕਰਦੇ ਹਨ ਅਤੇ ਵਿਵਹਾਰ ਨੂੰ ਪ੍ਰੇਰਿਤ ਕਰਦਾ ਹੈ।''
2. ਉਦੇਸ਼ ਉਹ ਪੂਰਵ-ਨਿਰਧਾਰਤ ਟੀਚੇ ਹਨ ਜੋ ਵਿਚਾਰ ਅਤੇ ਨਿਯੋਜਨ ਦੇ ਬਾਅਦ ਵਿਅਕਤੀ ਨੂੰ ਤੱਦ ਤੱਕ ਪ੍ਰੇਰਿਤ ਕਰਦੇ ਹਨ ਜਦੋਂ ਤਕ ਉਹ ਉਦੇਸ਼ ਪੂਰਾ ਨਹੀਂ ਹੋ ਜਾਂਦਾ।
3. ਇਕ ਉਦੇਸ਼ ਉਹ ਪੂਰਵ ਨਿਰਧਾਰਤ ਟੀਚਾ ਹੈ ਜੋ ਇਸ ਦੀ ਪ੍ਰਾਪਤੀ ਕਰਨ ਦੇ ਲਈ ਮਨੁੱਖੀ ਗਤੀਵਿਧੀਆਂ ਨੂੰ ਉਤੇਜਿਤ ਕਰਦਾ ਹੈ।

### 1.3.4 ਸਿੱਖਿਆ ਉਦੇਸ਼ਾਂ ਦੀ ਲੋੜ (Need of Educational Aims) :

ਸਿੱਖਿਆ ਦੇ ਉਦੇਸ਼ਾਂ ਤੇ ਬਿਨਾਂ ਵਿਚਾਰ ਕੀਤੇ ਬਿਨਾਂ, ਸਿੱਖਿਆ ਦੀ ਪ੍ਰਕਿਰਿਆ ਦਾ ਸੰਚਾਲਨ ਸੁਚਾਰੂ ਰੂਪ ਵਿੱਚ ਨਹੀਂ ਕੀਤਾ ਜਾ ਸਕਦਾ। ਇਹ ਉਦੇਸ਼ ਸਿੱਖਿਅਕ ਨਿਯੋਜਨ ਕਰਤਾ ਨੂੰ ਦੂਰ ਦ੍ਰਿਸ਼ਟੀ ਪ੍ਰਦਾਨ ਕਰਦੇ ਹਨ। ਇਨ੍ਹਾਂ ਦੀ ਗੈਰ ਹਾਜ਼ਰੀ ਵਿੱਚ ਸਿੱਖਿਆ ਪ੍ਰਣਾਲੀ ਦਾ ਅਸਫ਼ਲ ਹੋਣਾ ਨਿਸ਼ਚਿਤ ਹੁੰਦਾ ਹੈ। ਉਦੇਸ਼ ਵਿਹੀਨ ਸਿੱਖਿਆ ਵਿਅਰਥ ਹੈ।

ਜੌਹਨ ਡਿਊਵੀ : ਨੇ ਉਦੇਸ਼ਾਂ ਉਤੇ ਵਿਚਾਰ ਕਰਦੇ ਹੋਏ ਲਿਖਿਆ ਹੈ ਕਿ ਸਿੱਖਿਆ ਦਾ ਆਪਣਾ ਕੋਈ ਉਦੇਸ਼ ਨਹੀਂ ਹੁੰਦਾ। ਬੱਚਿਆਂ, ਮਾਪਿਆਂ ਤੇ ਅਧਿਆਪਕਾਂ ਦਾ ਹੀ ਉਦੇਸ਼ ਹੁੰਦਾ ਹੈ। ਸਿੱਖਿਆ ਦਾ ਕੋਈ ਲਕਸ਼ ਨਹੀਂ। ਡਿਊਵੀ ਦੇ ਇਸ ਵਿਚਾਰ ਨਾਲ ਸਹਿਮਤ ਹੋਣਾ ਮੁਸ਼ਕਿਲ ਹੈ। ਜੇਕਰ ਵਿਦਿਆਰਥੀ, ਮਾਪੇ ਤੇ ਅਧਿਆਪਕ ਕੁਝ ਉਦੇਸ਼ਾਂ ਦੁਆਰਾ ਸਿੱਖਿਆ ਦੀ ਕਿਰਿਆ ਦਾ ਸੰਚਾਲਨ ਕਰਦੇ ਹਨ ਤਾਂ ਇਕ ਤਰ੍ਹਾਂ ਨਾਲ ਸਿੱਖਿਆ ਦੀ ਦਿਸ਼ਾ ਨਿਸ਼ਚਿਤ ਹੋ ਹੀ ਜਾਂਦੀ ਹੈ।

ਸਿੱਖਿਆ, ਨਿਰਸੰਦੇਹ ਇਕ ਪ੍ਰਕਿਰਿਆ ਹੈ ਪਰੰਤੂ ਇਹ ਉਦੇਸ਼ ਵਹੀਨ ਨਹੀਂ ਹੈ। ਇਹ ਇਕ ਨੈਤਿਕ ਪ੍ਰਕਿਰਿਆ ਹੈ ਤੇ ਕਿਸੇ ਦਿਸ਼ਾ ਵੱਲ ਮੁਖਾਤਿਬ ਹੁੰਦੀ ਹੈ। ਦਿਸ਼ਾ ਦਾ ਨਿਰਧਾਰਨ ਹੀ ਲਕਸ਼ ਦਾ ਨਿਰਧਾਰਨ ਹੈ। ਇਸ ਲਈ ਸਿੱਖਿਆ ਦੇ ਉਦੇਸ਼ਾਂ ਦਾ ਨਿਸ਼ਚਾ ਸਾਡੇ ਲਈ ਜ਼ਰੂਰੀ ਹੈ।

ਹੇਠ ਲਿਖੇ ਕਾਰਨਾਂ ਕਰਕੇ ਸਿੱਖਿਆ ਵਿਚ ਉਦੇਸ਼ਾਂ ਦੀ ਬਹੁਤ ਵਧੇਰੇ ਲੋੜ ਹੈ :

1. ਇਹ ਅਧਿਆਪਕ ਤੇ ਵਿਦਿਆਰਥੀ ਨੂੰ ਦਿਸ਼ਾ ਪ੍ਰਦਾਨ ਕਰਦੇ ਹਨ।
2. ਇਹ ਸਿੱਖਿਆ ਪ੍ਰਕਿਰਿਆ ਨੂੰ ਅਰਥਪੂਰਣ ਬਣਾਉਂਦੇ ਹਨ।
3. ਸਿੱਖਿਆ ਦੇ ਉਦੇਸ਼ਾਂ ਅਨੁਸਾਰ ਹੀ, ਅਧਿਆਪਨ ਦੀਆਂ ਸਾਰੀਆਂ ਵਿਧੀਆਂ ਪਾਠਕ੍ਰਮ ਤੇ ਮੁਲਾਂਕਣ ਪ੍ਰਣਾਲੀ ਨੂੰ ਆਕਾਰ ਦਿੱਤਾ ਜਾਂਦਾ ਹੈ ਅਤੇ ਉਨ੍ਹਾਂ ਵਿੱਚ ਪਰਿਵਰਤਨ ਕੀਤੇ ਜਾਂਦੇ ਹਨ।

ਇਸ ਪ੍ਰਕਾਰ ਸਿੱਖਿਆ ਦੇ ਉਦੇਸ਼ਾਂ ਦਾ ਸਪਸ਼ਟ ਗਿਆਨ, ਵਿਦਿਆਰਥੀ ਤੇ ਅਧਿਆਪਕ ਦੇ ਮਨਾਂ ਵਿਚ ਦ੍ਰਿੜਤਾ ਅਤੇ ਆਤਮਬਲ ਜਾਗਰਿਤ ਕਰਦਾ ਹੈ। ਉਹ ਇਕਾਗਰਚਿੱਤ ਹੋ ਕੇ ਆਪਣੇ ਕਾਰਜ ਨੂੰ ਪੂਰੇ ਉਤਸ਼ਾਹ ਨਾਲ ਕਰਨ ਲੱਗਦੇ ਹਨ।

## 1.3.5 ਸਿੱਖਿਆ ਦੇ ਉਦੇਸ਼ਾਂ ਦਾ ਮਹੱਤਤਾ (Importance of Aims of Education) :

ਸਿੱਖਿਆ ਨੂੰ ਉਦੇਸ਼ਾਂ ਦੀ ਬਿਲਕੁਲ ਉਸੇ ਤਰ੍ਹਾਂ ਹੀ ਜ਼ਰੂਰਤ ਹੈ ਜਿਵੇਂ ਇਕ ਪੌਦੇ ਨੂੰ ਧੁੱਪ ਦੀ ਅਤੇ ਮਨੁੱਖ ਨੂੰ ਪਾਣੀ, ਹਵਾ ਤੇ ਭੋਜਨ ਆਦਿ ਦੀ ਹੈ। ਅਧਿਆਪਨ ਪ੍ਰਕਿਰਿਆ, ਸਿੱਖਿਆ ਉਦੇਸ਼ਾਂ ਬਿਨਾਂ ਫ਼ਜ਼ੂਲ ਹੈ। ਵਿਦਿਆਰਥੀਆਂ ਦੀ ਮੰਜ਼ਲ ਗੁਆਚ ਜਾਂਦੀ ਹੈ। ਉਦੇਸ਼ ਸਾਡੇ ਯਤਨਾਂ ਨੂੰ ਸੇਧ, ਪ੍ਰਦਾਨ ਕਰਦੇ ਹਨ ਤੇ ਸਿੱਖਿਆ ਵਿਚ ਵਿਅਰਥਪੁਣੇ ਨੂੰ ਰੋਕਦੇ ਹਨ। ਅਸਲ ਵਿਚ ਉਦੇਸ਼ ਗਿਆਨ ਦੇ ਅਭਾਵ ਕਾਰਨ ਵਿਅਕਤੀ ਜਾਂ ਸੰਸਥਾ, ਦੋਹਾਂ ਨੂੰ ਹੀ ਆਪਣੀਆਂ ਯੋਗਤਾਵਾਂ ਤੇ ਸਮੱਰਥਾਵਾਂ ਦਾ ਗਿਆਨ ਨਹੀਂ ਹੁੰਦਾ।

ਸਿੱਖਿਆ ਦੇ ਉਦੇਸ਼ ਮਹੱਤਵਪੂਰਨ ਹਨ ਕਿਉਂਕਿ :

1. ਸਿੱਖਿਆ ਇਕ ਉਦੇਸ਼ਪੂਰਨ ਪ੍ਰਕਿਰਿਆ ਹੈ, ਤੇ ਸਿੱਖਿਆ ਉਦੇਸ਼ ਇਸ ਪ੍ਰਕਿਰਿਆ ਨੂੰ ਇਕ ਲੋੜੀਂਦੀ ਦਿਸ਼ਾ ਪ੍ਰਦਾਨ ਕਰਦੇ ਹਨ।
2. ਸਿੱਖਿਆ ਉਦੇਸ਼ਾਂ ਉਤੇ ਬਿਨਾਂ ਵਿਚਾਰ ਕੀਤੇ, ਸਿੱਖਿਆ ਦੀ ਪ੍ਰਕਿਰਿਆ ਦਾ ਸੰਚਾਲਨ ਸੁਚਾਰੂ ਰੂਪ ਵਿਚ ਨਹੀਂ ਕੀਤਾ ਜਾ ਸਕਦਾ। ਉਦੇਸ਼ਾਂ ਬਿਨਾਂ ਸਿੱਖਿਆ ਨਿਰਾਰਥਕ ਹੈ।
3. ਉਦੇਸ਼, ਬੁੱਧੀਮਾਨੀ ਨਾਲ ਕੰਮ ਕਰਨ ਵਿਚ ਸਹਾਇਤਾ ਕਰਦੇ ਹਨ, ਜਿਵੇਂ ਕਿ ਜੌਹਨ ਡਿਊਵੀ ਨੇ ਕਿਹਾ ਹੈ, ''ਕਿਸੇ ਉਦੇਸ਼ ਨੂੰ ਸਾਹਮਣੇ ਰੱਖਦੇ ਕੀਤੀ ਗਈ ਕਿਰਿਆ ਹੀ ਬੁੱਧੀਮਾਨਤਾ ਪੂਰਨ ਕਿਰਿਆ ਹੈ। ਵਿਅਕਤੀ ਨੂੰ ਪਤਾ ਰਹਿੰਦਾ ਹੈ ਕਿ ਉਹ ਕੀ ਅਤੇ ਕਿਉਂ ਕੁਝ ਕਰ ਰਿਹਾ ਹੈ।
4. ਸਿੱਖਿਆ ਦੇ ਉਦੇਸ਼ ਵਿਦਿਆਰਥੀਆਂ ਦੇ ਕੰਮ ਨੂੰ ਵੀ ਦਿਸ਼ਾ ਪ੍ਰਦਾਨ ਕਰਦੇ ਹਨ। ਉਦੇਸ਼ ਸਪਸ਼ਟ ਹੋਣ ਕਰਕੇ ਉਹ ਉਨ੍ਹਾਂ ਦੀ ਪ੍ਰਾਪਤੀ ਵਿਚ ਪੂਰਨ ਸਹਿਯੋਗ ਦੇ ਕੇ, ਉਤਸ਼ਾਹ ਪੂਰਵਕ ਕੰਮ ਕਰਦੇ ਹਨ।
5. ਸਿੱਖਿਆ ਉਦੇਸ਼ ਮਾਤਾ ਪਿਤਾ ਤੇ ਸਧਾਰਨ ਲੋਕਾਂ ਲਈ ਵੀ ਮਹੱਤਵਪੂਰਨ ਹੁੰਦੇ ਹਨ। ਉਹ ਸਕੂਲ ਦੀ ਤਰੱਕੀ ਨੂੰ ਕਿਸੇ ਵੀ ਸਮੇਂ ਜਾਣ ਸਕਦੇ ਹਨ। ਸਕੂਲ ਵੀ ਉਨ੍ਹਾਂ ਦੀ ਵਿਅਰਥ ਆਲੋਚਨਾ ਤੋਂ ਬੱਚ ਜਾਂਦੇ ਹਨ।
6. ਸਕੂਲ-ਪ੍ਰਸ਼ਾਸਨ ਵਿਚ ਕ੍ਰਮ ਬੱਧਤਾ ਤੇ ਨਿਪੁੰਨਤਾ ਲਿਆਉਣ ਲਈ ਸਿੱਖਿਆ ਉਦੇਸ਼ਾਂ ਦਾ ਹੋਣਾ ਬਹੁਤ ਜ਼ਰੂਰੀ ਹੈ। ਇਸ ਵਿਚ ਅਧਿਆਪਕਾਂ ਦੀ ਚੋਣ, ਪਾਠਕ੍ਰਮ ਨਿਯੋਜਨ, ਸੰਸਥਾ ਦੇ ਸਿੱਖਿਆ ਉਦੇਸ਼ਾਂ ਅਨੁਸਾਰ ਨਿਰਧਾਰਿਤ ਤੇ ਨਿਰਦੇਸ਼ਿਤ ਹੁੰਦੀ ਹੈ।
7. ਸਿੱਖਿਆ ਉਦੇਸ਼, ਸਿੱਖਿਆ ਪ੍ਰਕਿਰਿਆ ਨੂੰ ਮਹੱਤਵ ਤੇ ਨਿਰੰਤਰਤਾ ਪ੍ਰਦਾਨ ਕਰਦੇ ਹਨ। ਸਿੱਖਿਆ ਇਕ ਨਿਰੰਤਰ ਚੱਲਣ ਵਾਲੀ ਪ੍ਰਕਿਰਿਆ ਹੈ। ਇਹ ਸਿੱਖਿਆ ਉਦੇਸ਼ ਹੀ ਹਨ ਜੋ ਸਾਡੇ ਅਨੁਭਵਾਂ ਨੂੰ ਸਿੱਖਿਆ ਦਾ ਦਰਜਾ ਦਿੰਦੇ ਹਨ ਅਤੇ ਉਸਨੂੰ ਨਿਰੰਤਰ ਬਣਾਈ ਰੱਖਦੇ ਹਨ।
8. ਉਦੇਸ਼, ਸਮੇਂ ਤੇ ਊਰਜਾ ਨੂੰ ਵਿਅਰਥ ਜਾਣ ਤੋਂ ਬਚਾਉਂਦੇ ਹਨ।
9. ਸਿੱਖਿਆ ਉਦੇਸ਼ ਵਿਵੇਕਪੂਰਨ ਢੰਗ ਨਾਲ ਕੰਮ ਕਰਨ ਵਿਚ ਸਹਾਇਤਾ ਦਿੰਦੇ ਹਨ।
10. ਉਦੇਸ਼, ਅਧਿਆਪਕ ਨੂੰ ਅਗਵਾਈ ਪ੍ਰਦਾਨ ਕਰਦੇ ਹਨ। ਉਸਨੂੰ ਪਤਾ ਲਗਦਾ ਹੈ ਕਿ ਉਸਨੇ ਕਿਹੜੇ ਮਾਰਗ ਤੇ ਜਾਣਾ ਹੈ। ਉਹ ਇਕ ਦੂਸਰੇ ਦੀ ਸਹਾਇਤਾ ਤੇ ਸਹਿਯੋਗ ਹਾਸਿਲ ਕਰ ਸਕਦੇ ਹਨ। ਇਸ ਤਰ੍ਹਾਂ ਸਿੱਖਿਆ ਇਕ ਸਾਂਝੀ ਯੋਜਨਾ ਦਾ ਰੂਪ ਧਾਰਨ ਕਰ ਲੈਂਦੀ ਹੈ।

11. ਸਿੱਖਿਆ, ਰਾਸ਼ਟਰੀ ਵਿਕਾਸ ਦਾ ਆਧਾਰ ਹੈ। ਰਾਸ਼ਟਰੀ ਏਕਤਾ, ਉਦੇਸ਼ਹੀਨ ਸਿੱਖਿਆ ਪ੍ਰਣਾਲੀ ਤੋਂ ਕਦੇ ਵੀ ਉਤਪੰਨ ਨਹੀਂ ਹੋ ਸਕਦੀ। ਸਿੱਖਿਆ ਉਦੇਸ਼ ਹੀ ਇਸਨੂੰ ਰਾਸ਼ਟਰੀ ਵਿਕਾਸ ਵੱਲ ਤੋਰ ਸਕਦੇ ਹਨ।

12. ਸਿੱਖਿਆ ਉਦੇਸ਼ ਅਧਿਆਪਕ ਨੂੰ ਸਿੱਖਿਆ ਵਿਧੀਆਂ ਦੀ ਚੋਣ ਕਰਨ ਵਿੱਚ ਸਹਾਇਤਾ ਪ੍ਰਦਾਨ ਕਰਦੇ ਹਨ। ਵਿਸ਼ੇਸ਼ ਸਿੱਖਿਆ ਦੇ ਉਦੇਸ਼ ਵਿਧੀਆਂ ਦੁਆਰਾ ਹੀ ਪ੍ਰਾਪਤ ਕੀਤੇ ਜਾ ਸਕਦੇ ਹਨ।

### 1.2.6 ਸਿੱਖਿਆ ਦੇ ਉਦੇਸ਼ ਨੂੰ ਨਿਰਧਾਰਿਤ ਕਰਨ ਵਾਲੇ ਕਾਰਕ (Determinants of Aims of Education)

**(i) ਮਨੁੱਖੀ ਸੁਭਾਅ ਦੀ ਪ੍ਰਕ੍ਰਿਤੀ (Nature of the Human Nature ) :** ਜੇ ਮੋਟੇ ਤੌਰ ਤੇ ਅਸੀਂ ਲੋਕਾਂ ਨੂੰ ਦੋ ਭਾਗਾਂ ਵਿੱਚ ਵੰਡ ਲਈਏ ਤਾਂ ਇੱਕ ਤਾਂ ਉਹ ਲੋਕ ਹੋਣਗੇ ਜੋ ਕਿ ਮਨੁੱਖੀ ਜੀਵਨ ਦੇ ਸੁਭਾਅ ਨੂੰ ਸ਼ੁੱਭ ਸਮਝਣਗੇ ਤੇ ਉਹ ਇਹ ਚਾਹੁੰਣਗੇ ਕਿ ਇਸ ਪ੍ਰਕਾਰ ਦੇ ਸੁਭਾਅ ਨੂੰ ਜੀਵਨ ਵਿਚ ਦਰਸਾਇਆ ਜਾਵੇ। ਭਾਰਤੀ ਸੰਸਕ੍ਰਿਤੀ ਜਾਂ ਹਿੰਦੂ ਫਲਸਫ਼ਾ ਮੂਲ ਰੂਪ ਵਿਚ ਇਨਸਾਨ ਨੂੰ ਇੱਕ ਸਥਾਈ ਖੁਸ਼ੀ ਵੱਲ ਨੂੰ ਲੈ ਕੇ ਜਾਂਦਾ ਹੈ ਤੇ ਇਸ ਲਈ ਉਸ ਦੇ ਕੁਦਰਤੀ ਸੁਭਾਅ ਵਿਚ ਆਸ਼ਾਵਾਦੀ ਅੰਸਰ ਮੰਜੂਦ ਹਨ, ਜੋ ਕਿ ਉਸ ਦੇ ਪ੍ਰਮਾਤਮਾ ਨਾਲ ਇੱਕ ਮਿਕ ਹੋਣ ਲਈ ਪ੍ਰੇਰਿਤ ਕਰਦੇ ਹਨ। ਕਈ ਜੀਵਨ ਨੂੰ ਨਿਰਾਸ਼ਾਵਾਦੀ ਵੀ ਸਮਝਦੇ ਹਨ ਤੇ ਇਸ ਦੇ ਟੀਚੇ ਵੀ ਉਸੇ ਪ੍ਰਕਾਰ ਹੀ ਨਿਸ਼ਚਿਤ ਕਰਦੇ ਹਨ। ਕਿਉਂਕਿ ਮੂਲ ਰੂਪ ਵਿਚ ਭਾਰਤੀ ਚਿੰਤਕ ਆਸ਼ਾਵਾਦੀ ਹੈ ਤੇ ਮਾਨਵਤਾ ਦੀ ਭਲਾਈ ਨਾਲ ਜੁੜਿਆ ਹੋਇਆ ਹੈ ਇਸ ਲਈ ਇਥੋਂ ਦੇ ਸਿੱਖਿਆ ਦੇ ਉਦੇਸ਼ ਵੀ ਇਸੇ ਪ੍ਰਕਾਰ ਦੇ ਹੀ ਹੋਣਗੇ। ਜਿਸ ਪ੍ਰਕਾਰ ਕਿ ਸਪਾਈਨੋਜ਼ (Spinaza) ਨੇ ਕਿਹਾ ਹੈ ਪੂਰਨ ਅੰਦਰ, ਮਨੁੱਖ ਦੀਆਂ ਚੇਤੰਨ ਅਤੇ ਅਚੇਤ ਦੋਵੇਂ ਤਰਾਂ ਦੀਆਂ ਗਤੀਵਿਧੀਆਂ ਪਿੱਛੇ ਅਸਲ ਪ੍ਰੇਰਨਾ ਦੀ ਸ਼ਕਤੀ ਹੈ। ਦੂਸਰੇ ਪਾਸੇ ਉਹ ਲੋਕ ਵੀ ਹੋਣਗੇ ਜੋ ਜੀਵਨ ਨੂੰ ਨਰਕ ਸਮਝਣਗੇ ਤੇ ਇਸ ਨਰਕ ਤੋਂ ਛੁਟਕਾਰਾ ਪਾਉਣ ਲਈ ਚਾਹਵਾਨ ਹੋਣਗੇ। ਅਜਿਹੇ ਵਿਅਕਤੀ ਨਿਰਾਸ਼ਾਵਾਦੀ ਹੋਣਗੇ ਤੇ ਉਹ ਸਿੱਖਿਆ ਲਈ ਵੀ ਉਸੇ ਪ੍ਰਕਾਰ ਦੇ ਟੀਚੇ ਨਿਸ਼ਚਿਤ ਕਰਨਗੇ। ਅੱਜ ਦੀ ਦੁਨੀਆਂ ਵਿਚ ਅਫਗਾਨਿਸਤਾਨ ਤੇ ਤਾਲਿਬਾਨ ਆ ਜਾਂਦੇ ਹਨ ਜੋ ਕਿ ਗਿਆਨ ਨੂੰ ਉਨ੍ਹਾਂ ਦੀਆਂ ਆਪਣੀਆਂ ਕਦਰਾਂ ਕੀਮਤਾਂ ਨਾਲ ਹੀ ਜੋੜਨ ਤੇ ਜ਼ੋਰ ਦਿੰਦੇ ਹਨ। ਉਨ੍ਹਾਂ ਨੇ ਲੜਕੀਆਂ ਦੇ ਸਕੂਲ ਬੰਦ ਕਰ ਦਿੱਤੇ ਹਨ ਤੇ ਉਨ੍ਹਾਂ ਲਈ ਪੋਸ਼ਾਕ ਵੀ ਪੂਰਨ ਭਾਂਤ ਨਿਰਧਾਰਿਤ ਕਰ ਦਿੱਤੀ ਹੈ। ਅਜਿਹੇ ਲੋਕਾਂ ਦੇ ਸਿੱਖਿਆ ਦੇ ਉਦੇਸ਼ ਵੀ ਉਨ੍ਹਾਂ ਦੇ ਅਨੁਸਾਰ ਹੀ ਨਿਸ਼ਚਿਤ ਹੋਣਗੇ।

**(ii) ਵਾਸਤਵਿਕਤਾ ਦਾ ਰੂਪ (Nature of Reality)**

ਆਸ਼ਾਵਾਦੀ ਇਸ ਗੱਲ ਵਿਚ ਯਕੀਨ ਰੱਖਦੇ ਹਨ, ਕਿ ਸਿੱਖਿਆ ਦਾ ਮਨੋਰਥ ਸਵੈ-ਅਨੁਭਵ ਜਾਂ ਫੇਰ ਵਿਅਕਤਿਤਵ ਦਾ ਵਿਕਾਸ ਹੁੰਦਾ ਹੈ। ਪ੍ਰਕਿਰਤੀਵਾਦੀ ਵਿਸ਼ਵਾਸ਼ ਰੱਖਦੇ ਹਨ, ਕਿ ਸਿੱਖਿਆ ਦਾ ਉਦੇਸ਼ ਸਵੈ-ਪ੍ਰਗਟਾਵਾ ਹੁੰਦਾ ਹੈ। ਪ੍ਰਯੋਗਵਾਦੀਆਂ ਦਾ ਵਿਚਾਰ ਹੈ ਕਿ ਸਿੱਖਿਆ ਦਾ ਉਦੇਸ਼ ਵਿਅਕਤੀ ਨੂੰ ਉਹ ਯੋਗਤਾ ਪ੍ਰਦਾਨ ਕਰਨਾ ਹੈ ਜਿਸ ਰਾਹੀਂ ਉਹ ਆਪਣੇ ਵਾਤਾਵਰਨ ਨੂੰ ਆਪਣੀ ਮਰਜ਼ੀ ਨਾਲ ਬਦਲ ਸਕੇ। ਜੀਵਨ ਦੇ ਉਦੇਸ਼ਾਂ ਨੂੰ ਅਨੁਭਵ ਕਰਨ ਲਈ ਸਿੱਖਿਆ ਇੱਕ ਸਾਧਨ ਹੈ। ਇਹ ਗੱਲ ਠੀਕ ਹੈ ਕਿ ਸਾਧਨਾਂ ਦੇ ਆਪਣੇ ਕੋਈ ਉਦੇਸ਼ ਨਹੀਂ ਹੁੰਦੇ। ਇਨ੍ਹਾਂ ਦਾ ਉਦੇਸ਼ ਸਿਰਫ਼ ਜ਼ਿੰਦਗੀ ਦੇ ਉਦੇਸ਼ਾਂ ਦੀ ਪ੍ਰਾਪਤੀ ਹੁੰਦਾ ਹੈ। ਜਿਸ ਪ੍ਰਕਾਰ ਦੀ ਕਿਸੇ ਦੇਸ਼ ਦੀ ਅਸਲੀ ਧਾਰਨਾ ਹੋਵੇਗੀ, ਉਸੇ ਪ੍ਰਕਾਰ ਦੇ ਹੀ ਵਿੱਦਿਆ ਦੇ ਉਦੇਸ਼ ਹੋਣਗੇ। ਜੇ ਲੋਕਾਂ ਦਾ ਇਹ ਵਿਸ਼ਵਾਸ ਹੈ ਕਿ ਦੁਨੀਆਂ ਅਸਲੀ ਹੈ ਤੇ ਉਹ ਸਮਾਜ ਸੁਧਾਰ ਦੀਆਂ ਕੀਮਤਾਂ ਨਾਲ ਸਕੂਲ ਦੇ ਉਦੇਸ਼ਾਂ ਨੂੰ ਨਿਸ਼ਚਿਤ ਕਰਨਗੇ ਅਤੇ ਜੇ ਉਹ ਇਹ ਸਮਝਦਾ ਹੋਵੇ ਕਿ ਇਹ ਦੁਨੀਆਂ ਛਾਇਆਵਾਦ ਹੈ ਤਾਂ ਉਹ ਇਸ ਤੋਂ ਨਿਜਾਤ ਪਾਉਣ ਦੇ ਢੰਗ ਲੱਭੇਗਾ।

**(iii) ਸਿਆਸੀ ਵਿਚਾਰਧਾਰਾ ਅਤੇ ਵਿਅਕਤੀਸਰਾਜ ਵਿੱਚ ਆਪਸੀ ਸੰਬੰਧ (Political Ideology and Individual-State Relationship)**

ਜਿਸ ਪ੍ਰਕਾਰ ਦੀ ਸਰਕਾਰ ਹੋਵੇ ਉਸੇ ਪ੍ਰਕਾਰ ਦੇ ਹੀ ਸਿੱਖਿਆ ਦੇ ਉਦੇਸ਼ ਨਿਸ਼ਚਿਤ ਕਰਨੇ ਹੁੰਦੇ ਹਨ। ਕੌਮਨਿਸਟ

ਵਿਚਾਰਧਾਰਾ ਵਾਲੇ ਦੇਸ਼ਾਂ ਵਿਚ ਵਿਅਕਤੀ ਦੀ ਕੋਈ ਵਿਸ਼ੇਸ਼ ਮਹੱਤਤਾ ਨਹੀਂ ਹੁੰਦੀ। ਉਸ ਨੇ ਤਾਂ ਜਿਸ ਪ੍ਰਕਾਰ ਹੀ ਸਰਕਾਰ ਫੈਸਲਾ ਕਰੇ, ਉਸੇ ਪ੍ਰਕਾਰ ਦੀਆਂ ਹੀ ਕ੍ਰਿਆਵਾਂ ਕਰਨੀਆਂ ਹੁੰਦੀਆਂ ਹਨ। ਜੇ ਵਿਅਕਤੀ ਨੇ ਕੋਈ ਸਿਖਲਾਈ ਕੀਤੀ ਹੋਈ ਹੈ ਤੇ ਦੇਸ਼ ਨੂੰ ਉਸ ਸਿਖਲਾਈ ਨਾਲ ਵਿਅਕਤੀ ਲਈ ਕੰਮ ਕਰਨ ਦੀ ਲੋੜ ਨਹੀਂ ਹੈ ਤਾਂ ਉਸ ਨੂੰ ਉਹ ਹੀ ਕੰਮ ਕਰਨਾ ਪਵੇਗਾ ਜਿਸ ਤਰ੍ਹਾਂ ਦੇ ਉਸ ਨੂੰ ਉਦੇਸ਼ ਦਿੱਤੇ ਜਾਣਗੇ। ਦੇਸ਼ ਦੀਆਂ ਲੋੜਾਂ ਨੂੰ ਵਿਅਕਤੀਆਂ ਦੀਆਂ ਲੋੜਾਂ ਤੋਂ ਸਮਝਿਆ ਜਾਂਦਾ ਹੈ। ਉਦਾਹਰਣ ਵਜੋਂ ਚੀਨ ਨੇ ਆਪਣੇ ਦੇਸ਼ ਦੀ ਆਬਾਦੀ ਨੂੰ ਕਾਬੂ ਕਰਨ ਲਈ ਇਹ ਫੈਸਲਾ ਕਰ ਲਿਆ ਹੈ ਕਿ ਪਰਿਵਾਰ ਵਿਚ ਇਕ ਹੀ ਬੱਚਾ ਹੋਵੇਗਾ, ਤੇ ਇਹ ਸਾਰਿਆਂ ਨੂੰ ਕਰਨਾ ਹੀ ਪਿਆ ਹੈ। ਜਿਨ੍ਹਾਂ ਲੋਕਾਂ ਦੀਆਂ ਸੱਧਰਾਂ ਵੱਧ ਬੱਚਿਆਂ ਦੀ ਹੋਵੇ ਉਨ੍ਹਾਂ ਨੂੰ ਆਪਣੀਆਂ ਭਾਵਨਾਵਾਂ ਦਬਾਉਣੀਆਂ ਹੀ ਪੈਣਗੀਆਂ। ਵਿਅਕਤੀ ਨੂੰ ਰਾਜਨੀਤਿਕ ਸਥਿਤੀ ਤੇ ਕੁਰਬਾਨ ਕੀਤਾ ਜਾਂਦਾ ਹੈ।

ਪਰ ਲੋਕਤੰਤਰ ਸਮਾਜ ਵਿਚ ਵਿਅਕਤੀ ਦੀਆਂ ਭਾਵਨਾਵਾਂ ਦਾ ਵੀ ਸਤਿਕਾਰ ਕਰਨਾ ਹੁੰਦਾ ਹੈ। ਜੇ ਵਿਅਕਤੀ ਦੇਸ਼ ਦੀਆਂ ਨੀਤੀਆਂ ਨਾਲ ਸਹਿਮਤ ਨਾ ਹੋਵੇ ਤਾਂ ਉਹ ਆਪਣੀ ਮਨਮਾਨੀ ਵੀ ਕਰ ਸਕਦਾ ਹੁੰਦਾ ਹੈ। ਉਦਾਹਰਣ ਵੱਜੋਂ ਇੱਥੇ ਦੀ ਸਰਕਾਰ ਨੇ ਆਬਾਦੀ ਤੇ ਨਿਯੰਤਰਣ ਕਰਨ ਲਈ ਦੋ ਬੱਚਿਆਂ ਦੇ ਪਰਿਵਾਰ ਲਈ ਫੈਸਲਾ ਕੀਤਾ ਹੈ। ਜੇ ਕੋਈ ਇਸ ਨਾਲ ਸਹਿਮਤ ਨਾ ਹੋਵੇ ਤਾਂ ਉਹ ਆਪਣੀ ਮਰਜੀ ਅਨੁਸਾਰ ਚਲ ਸਕਦਾ ਹੈ।

ਇਸ ਪ੍ਰਕਾਰ ਦੇਸ਼ ਦੇ ਫਲਸਫੇ ਦੇ ਅਨੁਸਾਰ ਵਿਅਕਤੀ ਨੇ ਆਪਣੇ ਆਪ ਨੂੰ ਢਾਲਣਾ ਹੁੰਦਾ ਹੈ ਤੇ ਉਸ ਪ੍ਰਕਾਰ ਦੇ ਹੀ ਟੀਚੇ ਨਿਸ਼ਚਿਤ ਕੀਤੇ ਜਾਂਦੇ ਹਨ। ਭਾਰਤ ਵਿੱਚ ਇਕ ਵਾਰ ਇੰਦਰਾ ਗਾਂਧੀ ਨੇ ਲੋਕਾਂ ਤੇ ਜਬਰਦਸਤੀ ਕਰਕੇ ਪਰਿਵਾਰ ਨਿਯੋਜਨ ਨੂੰ ਲਾਗੂ ਕੀਤਾ ਸੀ। ਸਿੱਟਾ ਇਹ ਨਿਕਲਿਆ ਕਿ ਚੋਣਾਂ ਵਿੱਚ ਸਰਕਾਰ ਨੂੰ ਹਾਨੀ ਹੋਈ। ਇਸ ਲਈ ਉਦੇਸ਼ ਨਿਸ਼ਚਿਤ ਕਰਨ ਲਈ ਰਾਜਨੀਤਿਕ ਕੀਮਤਾਂ ਦਾ ਧਿਆਨ ਰੱਖ ਕੇ ਹੀ ਵਿਅਕਤੀ ਨੂੰ ਦੇਸ਼ ਨਾਲ ਜੋੜਿਆ ਜਾਂਦਾ ਹੈ।

### (iv) ਸਮਾਜਿਕ ਆਰਥਿਕ ਸਥਿਤੀ (Socio-Economic Status)

ਸਿੱਖਿਆ ਲੋਕਾਂ ਵਿੱਚ ਬਰਾਬਰੀ ਲਿਆਉਣ ਲਈ ਯੋਗ ਟੀਚੇ ਵੀ ਬਣਾਉਂਦੀ ਹੈ। ਸਰਕਾਰ ਨੇ ਲੋਕਰਾਜੀ ਕੀਮਤਾਂ ਰਾਹੀਂ ਅਮੀਰ ਤੇ ਗਰੀਬ ਦੇ ਵੱਖਰੇਵਿਆਂ ਨੂੰ ਘੱਟ ਕਰਨਾ ਹੁੰਦਾ ਹੈ ਤੇ ਇਸ ਲਈ ਟੈਕਸਾਂ ਦਾ ਪ੍ਰਯੋਗ ਕਰਨਾ ਹੁੰਦਾ ਹੈ। ਦੇਸ਼ ਨੂੰ ਵਿਕਾਸ ਦੇ ਰਾਹ ਤੇ ਲੈ ਜਾਣ ਲਈ ਦੇਸ਼ ਦੇ ਸਮਾਜਿਕ ਤੇ ਆਰਥਿਕ ਹਾਲਾਤ ਅਨੁਸਾਰ ਹੀ ਉਦੇਸ਼ ਬਣਾਉਂਣੇ ਹੁੰਦੇ ਹਨ।

**(v) ਸਮਾਜਿਕ ਵਿਕਾਸ ਦਾ ਮਨੋਰਥ (Goal of Social Development) :** ਸਮਾਜ ਆਪਣੇ ਆਪ ਵਿਚ ਵਿਕਾਸ ਦੀਆਂ ਧਾਰਨਾਵਾਂ ਬਣਾਉਂਦਾ ਹੈ, ਤੇ ਉਸ ਅਨੁਸਾਰ ਹੀ ਸਿੱਖਿਆ ਦੇ ਉਦੇਸ਼ ਸਥਾਪਤ ਕਰਦਾ ਹੈ। ਜੋ ਕਿ ਉਨ੍ਹਾਂ ਦੀ ਪੂਰਤੀ ਲਈ ਯਤਨਸ਼ੀਲ ਹੁੰਦੇ ਹਨ। ਸਮਾਜਿਕ ਅਤੇ ਆਰਥਿਕ ਵਿਕਾਸ ਦੇ ਸੰਕਲਪ ਵਿੱਚ ਲੋਕਾਂ ਦੀ ਭੌਤਿਕ ਭਲਾਈ ਉਤਸ਼ਾਹਿਤ ਕਰਨ ਲਈ ਆਰਥਿਕ ਵਿਕਾਸ ਸੁਖਾਂਵੇਂ ਜੀਵਨ ਲਈ ਤੇ ਲੋਕਤੰਤਰ ਅਤੇ ਨਿਆਂ ਪੂਰਵਿਕ ਰਾਜ ਦੇ ਵਾਧੇ ਲਈ, ਸਮਾਜਿਕ ਤੇ ਰਾਜਨੀਤਿਕ ਵਿਕਾਸ ਦੇ ਲਈ ਸਿੱਖਿਆ ਦੇ ਟੀਚੇ ਨਿਸ਼ਚਿਤ ਕੀਤੇ ਜਾਂਦੇ ਹਨ।

**(vi) ਧਰਮ ਦਾ ਪ੍ਰਭਾਵ (Effect of Religion) :** ਜਿਨ੍ਹਾਂ ਦੇਸ਼ਾਂ ਵਿੱਚ ਕਿਸੇ ਇੱਕ ਧਰਮ ਦਾ ਰਾਜ ਹੁੰਦਾ ਹੈ ਉਥੇ ਸਿੱਖਿਆ ਦੇ ਟੀਚੇ ਵੀ ਧਰਮ ਦੇ ਠੇਕੇਦਾਰ ਹੀ ਨਿਸ਼ਚਿਤ ਕਰਦੇ ਹਨ। ਜਦੋਂ ਹਾਲ ਵਿਚ ਹੀ ਤਾਲਿਬਾਨ ਨੇ ਅਫਗਾਨਿਸਤਾਨ ਦੀ ਸਰਕਾਰ ਤੇ ਕਬਜਾ ਕੀਤਾ ਤਾਂ ਉਨ੍ਹਾਂ ਨੇ ਲੜਕੀਆਂ ਲਈ ਪੜ੍ਹਨ ਦੀ ਮਨਾਹੀ ਕਰ ਦਿੱਤੀ, ਤੇ ਸਾਰੇ ਲੜਕੀਆਂ ਦੇ ਸਕੂਲ ਬੰਦ ਕਰ ਦਿੱਤੇ। ਕੌਮਨਿਸਟ ਵਿਚਾਰ ਵਾਲੇ ਦੇਸ਼ਾਂ ਵਿੱਚ ਸਿੱਖਿਆ ਦਾ ਇੱਕ ਉਦੇਸ਼ ਆਦੇਸ਼ ਬੱਚਿਆਂ ਦਾ ਪ੍ਰਤੀਪਾਦਨ ਕਰਨਾ ਹੁੰਦਾ ਹੈ ਤਾਂ ਕਿ ਉਨ੍ਹਾਂ ਦੇ ਵਿਸ਼ਵਾਸ ਸਿਰਫ਼ ਕੌਮਨਿਸਟ ਫਲਸਫ਼ੇ ਵਿੱਚ ਹੀ ਹੋਵੇ ਤੇ ਉਹ ਉਸ ਤੋਂ ਵੱਧ ਕੇ ਕੁੱਝ ਵੀ ਨਾ ਸੋਚ ਸਕਣ। ਉਥੇ ਧਰਮ ਨੂੰ ਕੌਮਨਿਸਟ ਵਿਚਾਰ ਧਾਰਾ ਵਿਚ ਬਣਾਉਣ ਲਈ ਸਿੱਖਿਆ ਦੇ ਉਦੇਸ਼ ਬਣਾਏ ਜਾਂਦੇ ਹਨ।

**(vii) ਇਤਿਹਾਸ ਦਾ ਪ੍ਰਭਾਵ (Effect of History) :** ਸਿੱਖਿਆ ਦੇ ਟੀਚੇ ਨਿਰਧਾਰਿਤ ਕਰਨ ਲਈ ਇਤਿਹਾਸਿਕ ਪੱਖ ਨੂੰ ਵੀ ਅੱਖਾਂ ਤੋਂ ਉਹਲੇ ਨਹੀਂ ਕੀਤਾ ਜਾ ਸਕਦਾ। ਜਦੋਂ ਭਾਰਤ ਵਿੱਚ ਅੰਗਰੇਜ਼ੀ ਹਕੂਮਤ ਸੀ ਤਾਂ ਸਿੱਖਿਆ ਦੇ ਟੀਚੇ ਵੀ ਉਥੋਂ ਤੋਂ ਹੀ ਚਲਦੇ ਸੀ।

**(viii) ਸਭਿਆਚਾਰ ਦਾ ਪ੍ਰਭਾਵ (Effect of Culture) :** ਕੋਈ ਵੀ ਦੇਸ਼ ਸਿੱਖਿਆ ਦੇ ਟੀਚੇ ਨਿਰਧਾਰਿਤ ਕਰਨ ਲੱਗਿਆਂ ਆਪਣੇ ਸਭਿਆਚਾਰ ਨੂੰ ਅੱਖੋਂ ਉਹਲੇ ਨਹੀਂ ਕਰ ਸਕਦਾ। ਯੂ.ਕੇ. ਵਿੱਚ ਸਿੱਖਿਆ ਰਾਹੀਂ ਵਿਅਕਤੀਤਵ ਨੂੰ ਉੱਚਾ ਚੁੱਕਣ ਤੇ ਆਚਰਣ ਉਸਾਰੀ ਤੇ ਜ਼ੋਰ ਦਿੱਤਾ ਜਾਂਦਾ ਹੈ। ਉਹ ਧਰਮ ਦੀ ਮਹੱਤਤਾ ਨੂੰ ਘਟਾਉਂਦੇ ਨਹੀਂ। ਦੂਸਰੇ ਵਿਸ਼ਵ ਯੁੱਧ ਵਿੱਚ ਮਾਨਵ ਸ਼ਕਤੀ ਦੀਆਂ ਲੋੜਾਂ ਦੇ ਅਨੁਸਾਰ ਧਾਰਮਿਕ ਸਿੱਖਿਆ ਨੂੰ ਸਕੂਲ ਦੇ ਪਾਠਕ੍ਰਮ ਵਿਚੋਂ ਕੱਢ ਦਿੱਤਾ ਸੀ, ਪਰ ਯੁੱਧ ਦੇ ਬੰਦ ਹੁੰਦਿਆਂ ਸਾਰ ਹੀ ਉਨ੍ਹਾਂ ਨੇ ਫੇਰ ਸਕੂਲ ਵਿੱਚ ਧਰਮ ਨੂੰ ਲਾਗੂ ਕਰਨਾ ਆਰੰਭ ਕਰ ਦਿੱਤਾ ਹੈ। ਯੂ.ਐਸ.ਏ. ਦੇ ਸਭਿਆਚਾਰ ਅਨੁਸਾਰ ਉਹ ਦੁਨੀਆਂ ਭਰ ਦੀ ਉੱਚ ਪੱਧਰੀ ਬੌਧਿਕਤਾ ਨੂੰ ਆਪਣੇ ਦੇਸ਼ ਵਿੱਚ ਬੁਲਾ ਲੈਂਦੇ ਹਨ ਤੇ ਫੇਰ ਉਨ੍ਹਾਂ ਨੂੰ ਆਪਣੇ ਵਿੱਚ ਇਸ ਪ੍ਰਕਾਰ ਸਮੋ ਲੈਂਦੇ ਹਨ ਕਿ ਅਗਲੀ ਪੀੜ੍ਹੀ ਵਿੱਚ ਉਹ ਅਸਲ ਵਿਚ ਹੀ ਬਣ ਜਾਂਦੇ ਹਨ। ਉਨ੍ਹਾਂ ਵਾਂਗ ਹੀ ਕੰਮ ਕਰਦੇ ਹਨ ਤੇ ਉਨ੍ਹਾਂ ਵਾਂਗ ਹੀ ਜੀਵਨ ਦਾ ਸੁਆਦ ਲੈਂਦੇ ਹਨ। ਉਹ ਸਿੱਖਿਆ ਦੇ ਉਦੇਸ਼ ਵੀ ਉਸੇ ਪ੍ਰਕਾਰ ਹੀ ਨਿਸ਼ਚਿਤ ਕਰਦੇ ਹਨ।

**(ix) ਗਿਆਨ ਦਾ ਵਾਧਾ (Explosion of Knowledge) :** ਇਸ ਯੁੱਗ ਵਿੱਚ ਗਿਆਨ ਦਾ ਵਾਧਾ ਛੱੜਪੇ ਮਾਰ ਕੇ ਹੋ ਰਿਹਾ ਹੈ। ਸਿੱਖਿਆ ਨੇ ਇਸ ਨੂੰ ਵਿਕਾਸ ਤੇ ਲੋਕ ਭਲਾਈ ਲਈ ਵਰਤਣਾ ਹੁੰਦਾ ਹੈ ਤੇ ਇਸੇ ਪ੍ਰਕਾਰ ਦੇ ਹੀ ਟੀਚੇ ਮੁਕਰਰ ਕਰਨੇ ਹੁੰਦੇ ਹਨ।

## 1.3.7 ਸਾਰ (Summary) :

ਸਿੱਖਿਆ ਉਦੇਸ਼ਾਂ ਦੀ ਪ੍ਰਕਿਰਤੀ ਗਤੀਸ਼ੀਲ ਤੇ ਪਰਿਵਰਤਨਸ਼ੀਲ ਹੈ। ਦੇਸ਼ ਤੇ ਕਾਲ ਅਨੁਸਾਰ, ਇਨ੍ਹਾਂ ਦਾ ਰੂਪ ਪਰਿਵਰਤਨ ਹੁੰਦਾ ਰਹਿੰਦਾ ਹੈ। ਕੁਝ ਸਥਿਰ ਤੇ ਮੌਲਿਕ ਉਦੇਸ਼ ਤਾਂ ਹਮੇਸ਼ਾ ਲਈ ਇਕੋ ਜਿਹੇ ਰਹਿੰਦੇ ਹਨ ਤੇ ਦੇਸ਼ ਕਾਲ ਦੇ ਅਨੁਸਾਰ, ਇਨ੍ਹਾਂ ਵਿੱਚ ਪਰਿਵਰਤਨ ਹੋਣਾ ਜ਼ਰੂਰੀ ਨਹੀਂ ਹੁੰਦਾ। ਪਰੰਤੂ ਫਿਰ ਵੀ ਇਨ੍ਹਾਂ ਉਦੇਸ਼ਾਂ ਦੇ ਪ੍ਰਗਟੀਕਰਨ ਤੇ ਪ੍ਰਕਾਸ਼ਨ ਵਿੱਚ, ਦੇਸ਼ ਅਨੁਸਾਰ ਪਰਿਵਰਤਨ ਹੁੰਦਾ ਰਹਿੰਦਾ ਹੈ। ਸਿੱਖਿਆ ਦਾ ਮੁੱਖ ਉਦੇਸ਼ ਵਿਦਿਆਰਥੀ ਨੂੰ ਇਕ ਨਿਸ਼ਚਿਤ ਮਾਰਗ ਤੇ ਲੈ ਜਾਣਾ ਹੈ। ਪਰ ਇਹ ਨਿਸ਼ਚਿਤ ਮਾਰਗ ਗਿਆਤ ਨਹੀਂ ਹੋ ਸਕਿਆ ਕਿਉਂਕਿ ਸਿੱਖਿਆ ਦੇ ਅਨੇਕਾਂ ਉਦੇਸ਼ ਹਨ ਇਸਦਾ ਮੁੱਖ ਕਾਰਣ ਵਿਅਕਤੀਆਂ ਵਿੱਚ ਪਾਈ ਜਾਣ ਵਾਲੀ ਵਿਅਕਤੀਗਤ ਭਿੰਨਤਾ ਹੈ। ਇਕ ਵਿਅਕਤੀ ਦੇ ਉਦੇਸ਼ ਵੀ ਹਮੇਸ਼ਾ ਇਕੋ ਜਿਹੇ ਨਹੀਂ ਰਹਿੰਦੇ। ਉਸ ਵਿੱਚ ਵੀ ਸਮੇਂ-ਸਮੇਂ ਪਰਿਵਰਤਨ ਆਉਂਦੇ ਰਹਿੰਦੇ ਹਨ। ਇਹ ਪਰਿਵਰਤਨ ਵਿਅਕਤੀਗਤ, ਸਮਾਜਗਤ, ਕਾਲਗੱਤ ਅੰਤਰ ਆਦਿ ਦੇ ਕਾਰਨ ਆਉਂਦੇ ਹਨ।

## 1.3.8 ਸੁਝਾਏ ਪ੍ਰਸ਼ਨ (Suggested Questions) :

1. ਸਿੱਖਿਆ ਦਾ ਕੀ ਅਰਥ ਹੈ? ਸਿੱਖਿਆ ਦੇ ਉਦੇਸ਼ਾਂ ਦੀ ਕੀ ਲੋੜ ਹੈ?
2. ਸਿੱਖਿਆ ਦੇ ਉਦੇਸ਼ਾਂ ਦਾ ਕੀ ਮਹੱਤਵ ਹੈ ਅਤੇ ਚੰਗੇ ਉਦੇਸ਼ਾਂ ਦਾ ਮਾਪਦੰਡ ਕੀ ਹੈ?
3. ਸਿੱਖਿਆ ਦੇ ਉਦੇਸ਼ਾਂ ਨੂੰ ਨਿਰਧਾਰਿਤ ਕਰਨ ਵਾਲੇ ਕਿਹੜੇ-ਕਿਹੜੇ ਕਾਰਕ ਹਨ?

### 1.3.9 ਸੁਝਾਈ ਪੁਸਤਕ ਸੂਚੀ (Suggested Books)

1. ਸੋਢੀ, ਟੀ.ਐਸ. ਅਤੇ ਹਰਿੰਦਰ ਕੌਰ ਸੋਢੀ : ਸਿੱਖਿਆ ਦੇ ਦਾਰਸ਼ਨਿਕ ਅਤੇ ਸਮਾਜਿਕ ਆਧਾਰ
2. ਸੋਢੀ, ਟੀ.ਐਸ. ਅਤੇ ਬਲਵੰਤ ਸਿੰਘ : ਫ਼ਿਲਾਸਫ਼ੀ ਆਫ਼ ਐਜੂਕੇਸ਼ਨ
3. ਐਨ.ਸੀ.ਈ.ਆਰ.ਟੀ. : ਐਜੂਕੇਸ਼ਨ ਫਾਰ ਨੇਸ਼ਨਲ ਡਿਵੈਲਪਮੈਂਟ
4. ਬਰਾਊਡੀ, ਐਚ.ਐਸ. : ਬਿਲਡਿੰਗ ਏ ਫ਼ਿਲਾਸਫ਼ੀ ਆਫ਼ ਐਜੂਕੇਸ਼ਨ
5. ਰੋਸ, ਜੇਮਜ਼ : ਗਰਾਊਂਡਵਰਕ ਆਫ਼ ਐਜੂਕੇਸ਼ਨਲ ਥਿਊਰੀ

**ਪਾਠ ਨੰ.: 1.4** **ਲੇਖਕ : ਡਾ. ਮਨਜੀਤ ਕੌਰ**

# ਸਿੱਖਿਆ ਦਾ ਉਦੇਸ਼

**ਪਾਠ ਦੀ ਬਣਤਰ (Structure of the Lesson)**

1.4.1 ਪਾਠ ਦੇ ਉਦੇਸ਼ (Objectives)
1.4.2 ਜਾਣਕਾਰੀ (Introduction)
1.4.3 ਸਿੱਖਿਆ ਦਾ ਮੁੱਖ ਉਦੇਸ਼ (Main Aims of Education)
1.4.3.1 ਗਿਆਨ ਸਬੰਧੀ ਉਦੇਸ਼ (Knowledge Aim)
1.4.3.2 ਸਿੱਖਿਆ ਦਾ ਰੁਜ਼ਗਾਰ ਸਬੰਧੀ ਉਦੇਸ਼ (Vocational Aim of Education)
1.4.3.3 ਸਿੱਖਿਆ ਦਾ ਸਭਿਆਚਾਰਕ ਉਦੇਸ਼ (Cultural Aim of Education)
1.4.3.4 ਸਿੱਖਿਆ ਦਾ ਨੈਤਿਕ ਉਦੇਸ਼ (Moral Aim of Education)
1.4.3.5 ਸਰਵਪੱਖੀ ਵਿਕਾਸ (Harmonious Development)
1.4.4 ਸਿੱਖਿਆ ਦੇ ਵਿਅਕਤੀਗਤ ਅਤੇ ਸਮਾਜਿਕ ਉਦੇਸ਼ (Individual and Social Aims of Education)
1.4.4.1 ਸਿੱਖਿਆ ਦੇ ਵਿਅਕਤੀਗਤ ਉਦੇਸ਼ (Individual Aims of Education)
(1) ਵਿਅਕਤੀਗਤ ਉਦੇਸ਼ ਦਾ ਸੰਕੁਚਿਤ ਅਰਥ
(2) ਵਿਅਕਤੀਗਤ ਉਦੇਸ਼ ਦਾ ਵਿਸ਼ਾਲ ਅਰਥ
(3) ਆਲੋਚਨਾ
1.4.4.2 ਸਿੱਖਿਆ ਦੇ ਸਮਾਜਿਕ ਉਦੇਸ਼ (Social Aims of Education)
(1) ਸਮਾਜਿਕ ਉਦੇਸ਼ ਦੇ ਸੰਕੁਚਿਤ ਅਰਥ
(2) ਸਮਾਜਿਕ ਉਦੇਸ਼ ਦੇ ਵਿਸਤ੍ਰਿਤ ਅਰਥ
1.4.5 ਸਮਾਜਿਕ ਉਦੇਸ਼ ਦਾ ਗਣਤੰਤਰੀ ਦ੍ਰਿਸ਼ਟੀਕੋਣ (Democratic view of Social Aims)
(1) ਆਲੋਚਨਾ
1.4.6 ਵਿਅਕਤੀਗਤ ਅਤੇ ਸਮਾਜਿਕ ਉਦੇਸ਼ਾਂ ਦਾ ਸੰਸਲੇਸ਼ਣ (Synthesis of Individual and Social Aims)
1.4.7 ਸਿੱਟਾ (Conclusion)
1.4.8 ਸਵੈ-ਮੁਲਾਂਕਣ ਅਭਿਆਸ (Self-Assessment Exercise)
1.4.9 ਸੁਝਾਏ ਪ੍ਰਸ਼ਨ (Suggested Questions)

1.4.10 ਸੁਝਾਈਆਂ ਪੁਸਤਕਾਂ (Suggested Books)

**1.4.1 ਪਾਠ ਦਾ ਉਦੇਸ਼ (Objectives) :** ਪਿਆਰੇ ਵਿਦਿਆਰਥੀਓ, ਇਸ ਪਾਠ ਨੂੰ ਪੜ੍ਹਨ ਉਪਰੰਤ ਤੁਸੀਂ ਹੇਠ ਲਿਖੇ ਸੰਕਲਪਾਂ ਬਾਰੇ ਸੂਝ ਪ੍ਰਾਪਤ ਕਰੋਗੇ?

1. ਸਿੱਖਿਆ ਦੇ ਉਦੇਸ਼ ਸਿੱਖਿਆ ਦਾ ਮਾਰਗ ਦਰਸ਼ਨ ਕਰਦੇ ਹਨ।
2. ਸਿਖਿੱਆ ਦੇ ਉਦੇਸ਼ ਸਿੱਖਿਆ ਪ੍ਰਣਾਲੀ ਨੂੰ ਉਤਸ਼ਾਹਿਤ ਕਰਦੇ ਹਨ।
3. ਸਿੱਖਿਆ ਦੇ ਉਦੇਸ਼ ਸਿੱਖਿਆ ਦੇ ਮੁਲਾਂਕਣ ਕਰਨ ਵਿਚ ਸਹਾਇਕ ਹੁੰਦੇ ਹਨ।

## 1.4.2 ਜਾਣਕਾਰੀ (Introduction)

ਹਰੇਕ ਸੰਜੀਵ ਕ੍ਰਿਆ ਦਾ ਕੁੱਝ ਨਾ ਕੁੱਝ ਉਦੇਸ਼ ਹੁੰਦਾ ਹੈ। ਸਿੱਖਿਆ ਇਕ ਉਦੇਸ਼ ਪੂਰਨ ਤੇ ਸੰਗਠਿਤ ਕਿਰਿਆ ਹੈ ਜੋ ਕਿਸੇ ਵਿਸ਼ੇਸ਼ ਮੰਤਵ ਨੂੰ ਮੁੱਖ ਰੱਖ ਕੇ ਦਿੱਤੀ ਜਾਂਦੀ ਹੈ। ਸਿੱਖਿਆ ਦੇ ਉਦੇਸ਼ ਨਿਸ਼ਚਿਤ ਕਰਨ ਤੋਂ ਉਪਰੰਤ ਹੀ ਸਿੱਖਿਆ ਦੇ ਸਾਧਨ, ਵਿਧੀਆਂ ਤੇ ਪਾਠਕ੍ਰਮ ਤੇ ਵਿਚਾਰ ਕੀਤਾ ਜਾ ਸਕਦਾ ਹੈ ਅਤੇ ਉਹਨਾਂ ਦੇ ਸਹਿਯੋਗ ਨਾਲ ਹੀ ਕਿਸੇ ਨਿਸ਼ਚਿਤ ਉਦੇਸ਼ ਤੇ ਪਹੁੰਚਿਆ ਜਾ ਸਕਦਾ ਹੈ। ਅਸਲ ਵਿਚ ਉਦੇਸ਼ ਹੀ ਇਕ ਅਜਿਹਾ ਮਾਪਕ ਹੈ ਜਿਸ ਨਾਲ ਅਸੀਂ ਆਪਣੀਆਂ ਸਫਲਤਾਵਾਂ ਤੇ ਅਸਫਲਤਾਵਾਂ ਦਾ ਲੇਖਾ ਜੋਖਾ ਕਰਦੇ ਹਾਂ। ਉਦੇਸ਼ ਸਾਨੂੰ ਸਿਆਣਪ ਨਾਲ ਸਾਰਥਕ ਰੂਪ ਵਿਚ ਕੰਮ ਕਰਨ ਦੀ ਪ੍ਰੇਰਣਾ ਦਿੰਦੇ ਹਨ। ਜਾਨ ਡਿਊਈ ਦਾ ਕਥਨ ਹੈ, 'ਉਦੇਸ਼ਾਂ ਸਹਿਤ ਕ੍ਰਿਆ ਹੀ ਬੁੱਧੀ ਭਰਪੂਰ ਕ੍ਰਿਆ ਹੈ।' ਉਦੇਸ਼ਾਂ ਦੇ ਗਿਆਨ ਤੋਂ ਬਿਨਾਂ ਅਧਿਆਪਕ ਵੀ ਆਪਣੀ ਮੰਜ਼ਿਲ ਤਕ ਨਹੀਂ ਪਹੁੰਚ ਸਕਦਾ। ਹਰ ਇਕ ਕਿਰਿਆ ਦਾ, ਜੀਵਨ ਦੇ ਹਰ ਇਕ ਪਹਿਲੂ ਦਾ ਕੋਈ ਨਾ ਕੋਈ ਮੁੱਖ ਉਦੇਸ਼ ਹੁੰਦਾ ਹੈ।

## 1.4.3 ਸਿੱਖਿਆ ਦੇ ਮੁੱਖ ਉਦੇਸ਼ (Main Aims of Education)

**1.4.3.1 ਗਿਆਨ ਸਬੰਧੀ ਉਦੇਸ਼ (Knowledge Aim) :** ਸਿੱਖਿਆ ਦਾ ਇਹ ਉਦੇਸ਼ ਪੁਰਾਣੇ ਦਾਰਸਨਿਕਾਂ ਦੇ ਸਮੇਂ ਤੋਂ ਚਲਿਆ ਆਉਂਦਾ ਹੈ ਤੇ ਇਸ ਨੇ ਪੱਛਮੀ ਸਿੱਖਿਆ ਪ੍ਰਣਾਲੀ ਤੇ ਬਹੁਤ ਪ੍ਰਭਾਵ ਪਾਇਆ ਹੈ। ਗਿਆਨ ਦੀ ਪ੍ਰਾਪਤੀ ਰਾਹੀਂ ਸੁਚੱਜਾ ਵਿਅਕਤਿਤਵ ਵਿਕਸਿਤ ਕੀਤਾ ਜਾ ਸਕਦਾ ਹੈ। ਆਪਣੀਆਂ ਇੱਛਾਵਾਂ ਨੂੰ ਸੰਤੁਸ਼ਟ ਕਰਨ ਲਈ ਮਨੁੱਖ ਕੁਦਰਤੀ ਸ਼ਕਤੀਆਂ ਤੇ ਨਿਯਮਾਂ ਦੀ ਵਰਤੋਂ ਇਸ ਲਈ ਕਰ ਸਕਿਆ ਹੈ ਕਿਉਂਕਿ ਉਸ ਨੂੰ ਇਹਨਾਂ ਪ੍ਰਾਕਿਰਤਕ ਸ਼ਕਤੀਆਂ ਅਤੇ ਨਿਯਮਾਂ ਦਾ ਗਿਆਨ ਹੈ। ਵਿਅਕਤੀ ਦੀ ਸਿੱਖਿਆ ਵਿੱਚ ਵਾਤਾਵਰਣ ਦਾ ਮਹੱਤਵਪੂਰਣ ਸਥਾਨ ਹੈ। ਉਸ ਨੂੰ ਆਪਣੇ ਆਪ ਨੂੰ ਵਾਤਾਵਰਣ ਅਨੁਸਾਰ ਢਾਲਣਾ ਪੈਂਦਾ ਹੈ। ਠੀਕ ਅਨੁਕੂਲਤਾ ਉਦੋਂ ਹੀ ਸੰਭਵ ਹੋ ਸਕਦੀ ਹੈ ਜਦੋਂ ਮਨੁੱਖ ਨੂੰ ਆਪਣੇ ਵਾਤਾਵਰਣ ਦਾ ਗਿਆਨ ਹੋਵੇ। ਸਿੱਖਿਆ ਸਮਾਜਿਕ ਪਰੰਪਰਾ ਦੇ ਗਿਆਨ ਨੂੰ ਸੁਰੱਖਿਅਤ ਰੱਖਦੀ ਹੈ ਅਤੇ ਉਸ ਦਾ ਪ੍ਰਸਾਰ ਕਰਦੀ ਹੈ। ਰੋਮਾਂਟ ਦਾ ਵਿਚਾਰ, 'ਅਧਿਆਪਕ ਦਾ ਬੁਨਿਆਦੀ ਵਾਸਤਾ ਨਾ ਧਨ ਜਾਂ ਤਾਕਤ, ਨਾ ਗਿਆਨ ਦੀ ਪੂਰਨਤਾ ਅਤੇ ਨਾ ਹੀ ਅਨੁਭਵਾਂ ਨੂੰ ਨਿਖਾਰਨ ਨਾਲ ਹੈ ਸਗੋਂ ਉਸ ਦਾ ਕੰਮ ਆਚਰਣ ਦੀ ਸ਼ੁੱਧਤਾ ਅਤੇ ਸ਼ਕਤੀ ਵਧਾਉਣਾ ਹੈ।''

ਇਸ ਵਿੱਚ ਕੋਈ ਸ਼ੱਕ ਨਹੀਂ, ਕਿ ਮਨੁੱਖ ਦੇ ਸਰਬ-ਉਚ ਵਿਕਾਸ ਲਈ ਗਿਆਨ ਪ੍ਰਾਪਤੀ ਦੀ ਲੋੜ ਹੁੰਦੀ ਹੈ ਕੇਵਲ ਗਿਆਨ ਪ੍ਰਾਪਤੀ ਲਈ ਹੀ ਉਸ ਦਾ ਵਿਕਾਸ ਨਹੀਂ ਹੋ ਜਾਂਦਾ। ਸਗੋਂ ਪ੍ਰਾਪਤ ਕੀਤੇ ਗਿਆਨ ਦੀ ਵਰਤੋਂ ਸੂਝ ਬੂਝ ਰਾਹੀਂ ਕਰਨ ਨਾਲ ਹੀ ਵਿਅਕਤੀ ਸਾਧਾਰਨ ਜੀਵਨ ਵਿੱਚ ਵਾਪਰਦੀਆਂ ਸਮੱਸਿਆਵਾਂ ਤੇ ਕਾਬੂ ਪਾ ਸਕਦਾ ਹੈ। ਪ੍ਰੋ. ਵਾਈਟ ਹੈੱਡ ਅਨੁਸਾਰ ''ਕੇਵਲ ਗਿਆਨ ਪ੍ਰਾਪਤੀ ਵਾਲਾ

ਮਨੁੱਖ ਧਰਤੀ ਤੇ ਵਾਧੂ ਭਾਰ ਹੈ।'' ਇਸ ਲਈ ਗਿਆਨ ਪ੍ਰਾਪਤੀ ਦੇ ਨਾਲ-ਨਾਲ ਗਿਆਨ ਦੀ ਸੁਚੱਜੀ ਵਰਤੋਂ ਵਧੇਰੇ ਮਹੱਤਵਪੂਰਨ ਹੈ। ਗਾਂਧੀ ਜੀ ਅਨੁਸਾਰ, ''ਮਨੁੱਖ ਨਾ ਤਾਂ ਕੇਵਲ ਬੁੱਧੀ ਹੈ ਨਾ ਸਰੀਰ ਤੇ ਨਾ ਹੀ ਆਤਮਾ, ਸਿੱਖਿਆ ਨੂੰ ਸੰਪੂਰਨ ਤੇ ਸਾਰਥਕ ਬਣਾਉਣ ਲਈ ਇਹਨਾਂ ਤਿੰਨਾਂ ਦਾ ਸਮੁੱਚਾ ਤੇ ਮਿਲਵਾਂ ਸਹਿਯੋਗ ਜ਼ਰੂਰੀ ਹੈ।''

ਕਾਫੀ ਸਮੇਂ ਤੋਂ ਸਿੱਖਿਆ ਦਾ ਉਦੇਸ਼ ਕੇਵਲ ਗਿਆਨ ਪ੍ਰਾਪਤੀ ਹੀ ਚਲਿਆ ਆਉਂਦਾ ਸੀ। ਭਾਰਤ ਵਿੱਚ ਅੱਜ ਵੀ ਸਿੱਖਿਆ ਕੇਵਲ ਗਿਆਨ ਪ੍ਰਾਪਤੀ ਹੀ ਕਰਾਉਂਦੀ ਹੈ। ਪਰ ਅਸਲ ਵਿੱਚ ਗਿਆਨ ਪ੍ਰਾਪਤੀ ਹੀ ਜੀਵਨ ਦਾ ਉਦੇਸ਼ ਨਹੀਂ ਇਹ ਤਾਂ ਕਿ ਹਿੱਸਾ ਹੋ ਸਕਦੀ ਹੈ। ਕੇਵਲ ਗਿਆਨ ਪ੍ਰਾਪਤੀ ਹੀ ਸਿੱਖਿਆ ਦਾ ਅੰਤਿਮ ਉਦੇਸ਼ ਨਹੀਂ ਬਣ ਸਕਦਾ ਸਗੋਂ ਗਿਆਨ ਦੀ ਵਰਤੋਂ ਕਰਨ ਦੀ ਠੀਕ ਜਾਚ ਸਿਖਾਉਣਾ ਹੀ ਸਿੱਖਿਆ ਦਾ ਉਦੇਸ਼ ਹੈ।

### 1.4.3.2 ਸਿੱਖਿਆ ਦਾ ਰੁਜ਼ਗਾਰ ਸਬੰਧੀ ਉਦੇਸ਼ (Vocational Aim of Education)

ਪੁਰਾਣੇ ਸਮੇਂ ਵਿੱਚ ਸਮਾਜਿਕ ਜੀਵਨ ਬਹੁਤ ਸਰਲ ਤੇ ਸਾਦਾ ਸੀ। ਪੁੱਤਰ ਆਮ ਤੌਰ ਤੇ ਆਪਣੇ ਪਿਤਾ ਵਾਲਾ ਕਿਤਾ ਹੀ ਅਪਣਾਉਂਦਾ ਸੀ ਪਰੰਤੂ ਆਧੁਨਿਕ ਸਮਾਜ ਦੀ ਸਥਿਤ ਬਹੁਤ ਹੀ ਗੁੰਝਲਦਾਰ ਹੈ। ਇਸ ਵਿਚ ਕਈ ਪ੍ਰਕਾਰ ਦੇ ਵਿਸ਼ੇਸ਼ ਰੋਜ਼ਗਾਰ ਪ੍ਰਚਲਿਤ ਹੋ ਗਏ ਹਨ। ਇਸ ਲਈ ਸਿੱਖਿਆ ਦਾ ਉਦੇਸ਼ ਹਰ ਵਿਅਕਤੀ ਨੂੰ ਰੋਜ਼ੀ ਕਮਾਉਣ ਦੇ ਲਾਇਕ ਬਣਾਉਣਾ ਹੈ। ਵਿਵਹਾਰਕ ਉਪਯੋਗਤਾ ਤੋਂ ਬਿਨਾਂ ਸਿੱਖਿਆ ਕੇਵਲ ਅਸੰਤੁਲਿਤ ਵਿਅਕਤੀਆਂ ਦਾ ਹੀ ਨਿਰਮਾਣ ਕਰ ਸਕਦੀ ਹੈ। ਆਪਣੀ ਰੋਟੀ ਆਪ ਕਮਾਉਣਾ ਮਨੁੱਖੀ ਜੀਵਨ ਦਾ ਇਕ ਜ਼ਰੂਰੀ ਕਰਤੱਵ ਹੈ।

ਇਸ ਲਈ ਜੇ ਅਸੀਂ ਸਿੱਖਿਆ ਜੀਵਨ ਲਈ ਦੇਣੀ ਹੈ ਤਾਂ ਇਸ ਉਦੇਸ਼ ਨੂੰ ਅੱਖੋਂ ਉਹਲੇ ਨਹੀਂ ਕੀਤਾ ਜਾ ਸਕਦਾ। ਜੋਹਨ ਡਿਊਈ ਦਾ ਕਥਨ ਹੈ ਕਿ ''ਇਹ ਪਤਾ ਕਰਨਾ ਕਿ ਕੋਈ ਵਿਅਕਤੀ ਕਿਹੜਾ ਕੰਮ ਕਰਨ ਦੇ ਸਭ ਤੋਂ ਵਧ ਯੋਗ ਹੈ ਅਤੇ ਉਸ ਨੂੰ ਕੰਮ ਕਰਨ ਦਾ ਮੌਕਾ ਦੇਣਾ ਹੀ ਪ੍ਰਸੰਨਤਾ ਦੀ ਕੁੰਜੀ ਹੈ।'' ਸਿੱਖਿਆ ਸਾਨੂੰ ਆਰਥਿਕ ਤੌਰ ਤੇ ਸਵੈ-ਨਿਰਭਰ ਬਣਾਉਂਦੀ ਹੈ ਤਾਂ ਜੋ ਆਪਣੇ ਆਪ ਵਿੱਚ ਸੰਤੋਸ਼, ਆਤਮ ਵਿਸ਼ਵਾਸ, ਮਾਨਸਿਕ ਸੁਤੰਤਰਤਾ ਅਤੇ ਨੈਤਿਕ ਸ਼ਕਤੀ ਦਾ ਵਿਕਾਸ ਹੋ ਸਕੇ। ਦੂਸਰੀ ਗੱਲ ਇਹ ਹੈ ਕਿ ਪੈਸੇ ਸਬੰਧੀ ਉਦੇਸ਼ ਸਿੱਖਿਆ ਕਾਰਜ ਨੂੰ ਅਰਥ ਭਰਪੂਰ ਤੇ ਮੰਤਵੀ ਬਣਾਉਂਦੀ ਹੈ। ਵਿਵਸਾਇਕ ਸਿੱਖਿਆ ਬੱਚੇ ਨੂੰ ਨਿਰਾਸ਼ ਤੇ ਲਾਪਰਵਾਹ ਹੋਣ ਤੋਂ ਬਚਾਉਂਦੀ ਹੈ। ਤੀਸਰੀ ਗੱਲ ਇਹ ਹੈ ਕਿ ਕਿਰਤ ਦਾ ਗਿਆਨ ਦੇਣ ਵਾਲੀ ਸਿੱਖਿਆ ਉਹਨਾਂ ਬੱਚਿਆਂ ਲਈ ਉਪਯੋਗੀ ਹੈ ਜਿਹੜੇ ਵਧੇਰੇ ਬੁੱਧੀਮਾਨ ਨਹੀਂ ਹੁੰਦੇ। ਅਜਿਹੇ ਘੱਟ ਬੁੱਧੀ ਵਾਲੇ ਬੱਚਿਆਂ ਨੂੰ ਤੇਜ਼ ਬੁੱਧੀ ਵਾਲੇ ਬੱਚਿਆਂ ਨਾਲ ਬਿਠਾ ਕੇ ਇਕੱਠੀ ਸਿੱਖਿਆ ਦਿੱਤੀ ਜਾਂਦੀ ਹੈ ਜਿਸ ਤੋਂ ਉਹ ਬਹੁਤਾ ਲਾਭ ਨਹੀਂ ਉਠਾ ਸਕਦੇ। ਅਜਿਹੇ ਘੱਟ ਬੁੱਧੀ ਵਾਲੇ ਬੱਚਿਆਂ ਨੂੰ ਸਮਾਜ ਵਿੱਚ ਯੋਗ ਸਥਾਨ ਦਿਵਾਉਣ ਲਈ ਕਿਸੇ ਖਾਸ ਸ਼ਿਲਪਕਲਾ ਦੀ ਸਿਖਲਾਈ ਦੇਣੀ ਅਤਿਅੰਤ ਜ਼ਰੂਰੀ ਹੈ।

ਗਾਂਧੀ ਜੀ ਨੇ ਸਿੱਖਿਆ ਦੇ ਵਿਵਸਾਇਕ ਉਦੇਸ਼ ਤੇ ਬਹੁਤ ਜ਼ੋਰ ਦਿੱਤਾ ਹੈ ਉਹ ਮੁੱਢ ਤੋਂ ਹੀ ਕਰਾਫਟ ਰਾਹੀਂ ਸਿੱਖਿਆ ਦੇਣ ਦੇ ਹੱਕ ਵਿੱਚ ਸਨ ਤਾਂ ਜੋ ਬੱਚਾ ਵੱਡਾ ਹੋ ਕੇ ਕਿੱਤੇ ਸੰਬੰਧੀ ਸਿੱਖਿਆ ਵਿਚ ਨਿਪੁੰਨ ਹੋ ਜਾਵੇ ਅਤੇ ਉਹ ਆਪਣੀ ਰੋਟੀ ਕਮਾਉਣ ਦੇ ਯੋਗ ਹੋ ਜਾਵੇ। ਗਾਂਧੀ ਜੀ ਦੇ ਅਨੁਸਾਰ ਸਿੱਖਿਆ ਬੇਰੋਜ਼ਗਾਰੀ ਦੇ ਵਿਰੁੱਧ ਬੀਮੇ ਦੀ ਤਰ੍ਹਾਂ ਹੋਣੀ ਚਾਹੀਦੀ ਹੈ। ਭਾਰਤੀ ਸਿੱਖਿਆ ਕਮਿਸ਼ਨ (1964-66)

ਨੇ ਸੁਝਾਅ ਦਿੱਤਾ ਸੀ ਕਿ ਕਾਰਜ ਅਨੁਭਵ ਸਮੁੱਚੀ ਸਿੱਖਿਆ ਦਾ ਆਧਾਰ ਹੋਣਾ ਚਾਹੀਦਾ ਹੈ। ਕਮਿਸ਼ਨ ਨੇ ਵਿਗਿਆਨਕ ਸਿੱਖਿਆ ਤੇ ਵੀ ਬਹੁਤ ਜ਼ੋਰ ਦਿੱਤਾ ਹੈ।

ਇਸ ਉਦੇਸ਼ ਦੇ ਆਲੋਚਕਾਂ ਦਾ ਵਿਚਾਰ ਹੈ ਕਿ ਸਿੱਖਿਆ ਦੇ ਇਸ ਉਦੇਸ਼ ਦੀ ਕਲਪਨਾ ਇਕ ਤੰਗ ਨਜ਼ਰੀਆ ਹੈ ਕਿਉਂਕਿ ਰੋਟੀ ਕਮਾਉਣਾ ਜੀਵਨ ਦਾ ਇਕ ਭਾਗ ਹੈ ਸਾਰਾ ਜੀਵਨ ਨਹੀਂ। ਸਿੱਖਿਆ ਦੇ ਇਸ ਪੱਖ ਨੂੰ ਲੈ ਕੇ ਸਾਰੀ ਸਿੱਖਿਆ ਨੂੰ ਸੁਆਰਥੀ ਨਹੀਂ ਬਣਾਇਆ ਜਾ ਸਕਦਾ। ਜੀਵਨ ਦੇ ਹੋਰ ਵੀ ਕਈ ਪੱਖ ਹਨ ਜਿਵੇਂ ਕਿ ਬੌਧਿਕ ਤੇ ਮਾਨਸਿਕ ਆਦਿ। ਇਸ ਲਈ ਸਿੱਖਿਆ ਨੂੰ ਕੇਵਲ ਕਿੱਤੇ ਦੀ ਸਿੱਖਿਆ ਦਾ ਸਾਧਨ ਬਣਾਉਣਾ ਇਕ ਹਾਸੋ-ਹੀਣੀ ਹੋਵੇਗੀ। ਸੋ ਇਹੀ ਵਿਵਸਾਇਕ ਸਿੱਖਿਆ ਕਿਸੇ ਮਨੁੱਖ ਨੂੰ ਅਜੋਕੀਆਂ ਬਦਲਦੀਆਂ ਪ੍ਰਸਥਿਤੀਆਂ ਦੇ ਅਨੁਕੂਲ ਨਹੀਂ ਬਣਾ ਸਕਦੀ। ਇਸ ਲਈ ਇਹ ਜ਼ਰੂਰੀ ਹੈ ਕਿ ਗਿਆਨ ਲਈ ਸਿੱਖਿਆ ਵਿਚਕਾਰ ਕੋਈ ਖਾਸ ਫ਼ਰਕ ਨਾ ਸਮਝਿਆ ਜਾਵੇ। ਸਗੋਂ ਇਹਨਾਂ ਦੋਨਾਂ ਕਿਸਮਾਂ ਦੀ ਸਿੱਖਿਆ ਵਿਚਾਲੇ ਸੁਮੇਲ ਅਤੇ ਸਾਂਝ ਪੈਦਾ ਕਰਨਾ ਹੀ ਸਮੱਸਿਆ ਦਾ ਵਧੀਆ ਹੱਲ ਹੈ। ਪਾਠਕ੍ਰਮ ਵਿਚ ਸਾਧਾਰਣ ਸੰਸਕ੍ਰਿਤ ਅਤੇ ਪੇਸ਼ੇ ਸੰਬੰਧੀ ਵਿਸ਼ਿਆਂ ਦਾ ਖੇਤਰ ਬਹੁਤ ਵਿਸ਼ਾਲ ਹੋਣਾ ਚਾਹੀਦਾ ਹੈ। ਵਿਦਿਆਰਥੀਆਂ ਦੀਆਂ ਰੁਚੀਆਂ, ਪਸੰਦਾਂ ਤੇ ਯੋਗਤਾਵਾਂ ਅਨੁਸਾਰ ਸਿਖਿਆਤਮਕ ਸਲਾਹ ਤੇ ਅਗਵਾਈ ਪ੍ਰਣਾਲੀ ਅਧੀਨ ਵਿਸ਼ਿਆਂ ਦੀ ਚੋਣ ਕਰਨ ਬਾਰੇ ਅਗਵਾਈ ਮਿਲਣੀ ਚਾਹੀਦੀ ਹੈ। ਅਜਿਹਾ ਕਰਨ ਨਾਲ ਹੀ ਇਕ ਇਸ ਤਰ੍ਹਾਂ ਦੇ ਸਮਾਜ ਦੀ ਸਿਰਜਣਾ ਕੀਤੀ ਜਾ ਸਕਦੀ ਹੈ ਜਿਸ ਵਿੱਚ ਹਰ ਵਿਅਕਤੀ ਅਜਿਹਾ ਪੇਸ਼ਾ ਅਪਣਾਏ ਜਿਸ ਦੇ ਕਿ ਉਹ ਯੋਗ ਹੈ ਅਤੇ ਇਸ ਤਰ੍ਹਾਂ ਆਪਣੇ ਸਾਥੀਆਂ ਦੇ ਜੀਵਨ ਨੂੰ ਵਧੇਰੇ ਭਰਪੂਰ, ਅਮੀਰ ਅਤੇ ਸੁਖਦਾਇਕ ਬਣਾ ਸਕੇਗਾ।

### 1.4.3.3 ਸਿੱਖਿਆ ਦਾ ਸਭਿਆਚਾਰਕ ਉਦੇਸ਼ (Cultural Aim of Education)

ਸਭਿਆਚਾਰਕ ਦਾ ਅਰਥ ਹੈ ਕਿ ਸੁਧਰਿਆ ਹੋਇਆ ਜਾਂ ਸ਼ੁੱਧ ਅਤੇ ਵਿਕਸਿਤ ਪਦਾਰਥ। ਇਸ ਲਈ ਸਿੱਖਿਆ ਦਾ ਸਭਿਆਚਾਰਕ ਉਦੇਸ਼ ਹੈ ਮਨੁੱਖ ਨੂੰ ਅਜਿਹਾ ਗਿਆਨ ਪ੍ਰਦਾਨ ਕਰਨਾ ਜਿਸ ਨਾਲ ਉਸ ਦੇ ਜੀਵਨ ਵਿਚ ਸੁੰਦਰਤਾ ਅਤੇ ਸੁਹਜ ਦਾ ਪ੍ਰਕਾਸ਼ ਹੋਵੇ। ਮਹਾਤਮਾ ਗਾਂਧੀ ਨੇ ਗਿਆਨ ਦੇ ਮੁਕਾਬਲੇ ਸਿੱਖਿਆ ਦੇ ਸਭਿਆਚਾਰਕ ਪੱਖ ਨੂੰ ਵਧੇਰੇ ਮਹੱਤਤਾ ਦਿੱਤੀ ਹੈ। ਉਨ੍ਹਾਂ ਅਨੁਸਾਰ ਸਭਿਆਚਾਰਕ ਜੜ੍ਹ ਹੈ। ਇਸ ਦਾ ਪ੍ਰਗਟਾਅ ਤੁਹਾਡੇ ਚਰਿੱਤਰ ਅਤੇ ਵਿਵਹਾਰ ਤੋਂ ਹੁੰਦਾ ਹੈ। ਤੁਸੀਂ ਕਿਵੇਂ ਬੈਠਦੇ ਹੋ, ਕਿਵੇਂ ਪਹਿਨਦੇ ਹੋ? ਤੁਹਾਡਾ ਅੰਦਰਲਾ ਸਭਿਆਚਾਰ ਤੁਹਾਡੀ ਗੱਲਬਾਤ ਹੈ। ਤੁਸੀਂ ਮਹਿਮਾਨਾਂ ਨਾਲ ਕਿਸ ਤਰ੍ਹਾਂ ਦਾ ਵਿਵਹਾਰ ਕਰਦੇ ਹੋ ਕਿ ਕਿਵੇਂ ਵਿਚਰਦੇ ਹੋ? ਚੰਗੀ ਤੇ ਸਹੀ ਕਿਸਮ ਦੀ ਸਿੱਖਿਆ ਇਸ ਗੱਲ ਨਾਲ ਹੀ ਸੰਤੁਸ਼ਟ ਨਹੀਂ ਹੋ ਜਾਂਦੀ ਕਿ ਕਿਸੇ ਸਮਾਜ ਦੇ ਪ੍ਰਾਣੀ ਕੇਵਲ ਪ੍ਰਚਲਿਤ ਢੰਗਾਂ ਤੇ ਰਿਵਾਜਾਂ ਨੂੰ ਹੀ ਅਪਨਾਉਣ ਤੇ ਸੰਭਾਲਣ। ਇਸ ਦੇ ਉਲਟ ਇਸ ਦੀ ਤਸੱਲੀ ਤਾਂ ਹੁੰਦੀ ਹੈ ਜੋ ਸਮਾਜ ਵਿਚਲੇ ਪ੍ਰਾਣੀ ਵਿਚਾਰ ਤੇ ਕਾਰਜ ਸਬੰਧੀ ਚੰਗੀਆਂ ਆਦਤਾਂ ਅਪਣਾਉਣ ਅਤੇ ਭਵਿੱਖ ਵਿੱਚ ਇਕ ਅਜਿਹੇ ਸਮਾਜ ਦੀ ਸਥਾਪਨਾ ਕਰਨ ਜੋ ਵਰਤਮਾਨ ਸਮਾਜ ਨਾਲੋਂ ਵਧੇਰੇ ਚੰਗਾ ਤੇ ਉੱਨਤ ਹੋਵੇ। ਹਰ ਇਕ ਰਾਸ਼ਟਰ ਦਾ ਇਹ ਦਾਅਵਾ ਹੈ ਕਿ ਉਸ ਦਾ ਸਭਿਆਚਾਰ ਦੂਜੇ ਦੇਸ਼ਾਂ ਦੇ ਸਭਿਆਚਾਰ ਨਾਲੋਂ ਵਧੀਆ ਹੈ।

ਸ਼ਾਂਤੀ, ਆਰਥਿਕ ਵਿਕਾਸ ਅਤੇ ਸਮਾਜਿਕ ਏਕਤਾ ਸਮੇਂ ਹੀ ਸਿੱਖਿਆ ਦਾ ਸੰਸਕ੍ਰਿਤਕ ਉਦੇਸ਼ ਲਾਭਦਾਇਕ ਸਿੱਧ ਹੋ ਸਕਦਾ ਹੈ ਪਰੰਤੂ ਸਮਾਜ ਵਿੱਚ ਕਿਸੇ ਪ੍ਰਕਾਰ ਦੀ ਅਸਥਿਰਤਾ ਹੋਵੇ। ਉਸ ਸਮੇਂ ਸੰਸਕ੍ਰਿਤੀ ਨੂੰ ਸਿੱਖਿਆ ਦਾ ਉਦੇਸ਼ ਬਣਾ ਲੈਣਾ ਹਾਨੀਕਾਰਕ ਸਿੱਧ ਹੁੰਦਾ ਹੈ। ਇਸ ਤਰ੍ਹਾਂ ਵੱਖ ਵੱਖ ਦੇਸ਼ਾਂ ਦੀਆਂ ਆਪਣੀਆਂ ਸੰਸਕ੍ਰਿਤਕ ਪਰੰਪਰਾਵਾਂ ਹੁੰਦੀਆਂ ਹਨ। ਹਰ ਇਕ ਕੌਮ ਨੂੰ ਆਪਣੀ ਸੰਸਕ੍ਰਿਤੀ ਉੱਤੇ

ਮਾਣ ਹੁੰਦਾ ਹੈ ਅਤੇ ਉਹ ਆਪਣੀ ਸੰਸਕ੍ਰਿਤੀ ਨੂੰ ਦੂਸਰੀਆਂ ਸੰਸਕ੍ਰਿਤੀਆਂ ਤੋਂ ਸ੍ਰੇਸ਼ਟ ਮੰਨਦੀ ਹੈ। ਇਸ ਲਈ ਸਿੱਖਿਆ ਇਨ੍ਹਾਂ ਵਿਚੋਂ ਕਿਸ ਨੂੰ ਆਪਣਾ ਉਦੇਸ਼ ਬਣਾਏ, ਇਹ ਫੈਸਲਾ ਕਰਨਾ ਮੁਸ਼ਕਲ ਹੋ ਜਾਂਦਾ ਹੈ। ਸੰਸਕ੍ਰਿਤਕ ਸਿੱਖਿਆ ਸਮਾਜ ਦੇ ਉਚ ਵਰਗ ਤੇ ਨਿਮਨ ਵਰਗ ਵਿਚ ਭੇਦ-ਭਾਵਾਂ ਦੇ ਵਿਕਾਸ ਦਾ ਵੀ ਕਾਰਨ ਬਣਦੀ ਹੈ।

ਸਿੱਟੇ ਵਜੋਂ ਅਸੀਂ ਕਹਿ ਸਕਦੇ ਹਾਂ ਕਿ ਸੰਸਕ੍ਰਿਤਕ ਸਿੱਖਿਆ ਨੂੰ ਇਕੋ ਇਕ ਉਦੇਸ਼ ਨਹੀਂ ਬਣਾਇਆ ਜਾ ਸਕਦਾ। ਸੰਸਕ੍ਰਿਤਕ ਪ੍ਰਣਾਲੀ ਦੇ ਨਾਲ ਨਾਲ ਕਿਰਿਆਤਮਕ ਗਿਆਨ ਪ੍ਰਣਾਲੀ ਵੀ ਅਤਿਅੰਤ ਜ਼ਰੂਰੀ ਹੈ। ਜੇ ਸਿੱਖਿਆ ਸਭਿਅਕ ਮਨੁੱਖ ਪੈਦਾ ਕਰਨ ਵਿਚ ਸਫਲ ਹੋ ਜਾਂਦੀ ਹੈ ਤਾਂ ਸਮਝੋ ਸਿੱਖਿਆ ਨੇ ਉਦੇਸ਼ ਪ੍ਰਾਪਤ ਕਰ ਲਿਆ। ਡਾ. ਰਜਿੰਦਰ ਪ੍ਰਸ਼ਾਦ ਦੇ ਸ਼ਬਦਾਂ ਵਿਚ ਭਾਰਤ ਨੇ ਆਪਣੇ ਵਾਸਤੇ ਇਕ ਅਜਿਹੇ ਸਭਿਆਚਾਰ ਦੀ ਚੋਣ ਕਰਨੀ ਹੈ, ਜਿਹੜਾ ਉਸ ਚੀਜ਼ ਤੋਂ ਉਤਸ਼ਾਹ ਪ੍ਰਾਪਤ ਕਰਦਾ ਹੈ, ਜੋ ਸਾਡੇ ਪੁਰਾਣੇ ਸਭਿਆਚਾਰ ਵਿਚ ਚੰਗੀ ਹੈ ਅਤੇ ਇਸ ਦੇ ਨਾਲ ਹੀ ਜਿਹੜਾ ਵਰਤਮਾਨ ਸਮੇਂ ਦੀਆਂ ਲੋੜਾਂ ਨੂੰ ਓਹਲੇ ਨਹੀਂ ਕਰਦਾ।

### 1.4.3.4 ਸਿੱਖਿਆ ਦਾ ਨੈਤਿਕ ਉਦੇਸ਼ (Moral Aim of Education)

ਕਈ ਸਿੱਖਿਆ ਸ਼ਾਸਤਰੀਆ ਦਾ ਇਹ ਮੱਤ ਹੈ ਕਿ ਨੈਤਿਕ ਜਾਂ ਚਰਿੱਤਰ ਉਸਾਰੂ ਉਦੇਸ਼ ਨੂੰ ਪ੍ਰਮੁੱਖਤਾ ਮਿਲਣੀ ਚਾਹੀਦੀ ਹੈ ਅਤੇ ਬਾਕੀ ਦੇ ਸਾਰੇ ਉਦੇਸ਼ ਇਸ ਦੇ ਅਧੀਨ ਹੋਣੇ ਚਾਹੀਦੇ ਹਨ। ਮਹਾਤਮਾ ਗਾਂਧੀ ਅਨੁਸਾਰ, ''ਸਹੀ ਤੇ ਅਸਲ ਅਰਥਾਂ ਵਿਚ ਸਹੀ ਸਿੱਖਿਆ ਉਹੀ ਹੈ ਜ਼ੋ ਮਨੁੱਖ ਨੂੰ ਹਿਰਦਾ ਪਰਿਵਰਤਨ ਦੀ ਜਾਂ ਨੈਤਿਕ ਸਿੱਖਿਆ ਪ੍ਰਦਾਨ ਕਰੇ'' ਜੇ ਅਸੀਂ ਕਿਸੇ ਵਿਅਕਤੀ ਦੀ ਚਰਿੱਤਰ ਉਸਾਰੀ ਵਿਚ ਸਫਲ ਹੋ ਸਕੀਏ ਤਾਂ ਸਮਾਜ ਆਪਣੇ ਆਪ ਹੀ ਬਿਨਾਂ ਕਿਸੇ ਰੁਕਾਵਟ ਦੇ ਅੱਗੇ ਵਧਦਾ ਜਾਵੇਗਾ। ਆਦਰਸ਼ਵਾਦੀ ਇਸ ਗੱਲ ਦਾ ਸਮਰਥਨ ਕਰਦੇ ਹਨ ਕਿ ਸਿੱਖਿਆ ਇਸ ਤਰ੍ਹਾਂ ਦੀ ਹੋਣੀ ਚਾਹੀਦੀ ਹੈ ਜੋ ਯੁਵਕਾਂ ਦੀ ਸਚਾਈ, ਇਮਾਨਦਾਰੀ, ਨਿਆਂ, ਪਵਿੱਤਰਤਾ, ਪਿਆਰ, ਸੁੰਦਰਤਾ ਤੇ ਨੇਕੀ ਵਲ ਪ੍ਰੇਰਿਤ ਕਰੇ। ਸਿੱਖਿਆ ਅਧੀਨ ਕਿਸੇ ਵੀ ਅਜਿਹੀ ਗੱਲ ਨੂੰ ਸਵੀਕਾਰ ਨਹੀਂ ਕੀਤਾ ਜਾਂਦਾ ਜਿਸ ਦੁਆਰਾ ਚਰਿੱਤਰ ਤੇ ਚੰਗਿਆਈ ਦਾ ਵਿਕਾਸ ਨਾ ਹੁੰਦਾ ਹੋਵੇ। ਪੁਰਾਤਨ ਕਾਲ ਵਿੱਚ ਭਾਰਤ ਵਿਚ ਗੁਰੂ ਆਪਣੇ ਚੇਲਿਆਂ ਨੂੰ ਸਿੱਖਿਆ ਦਿੰਦੇ ਸਨ, ਕਿ ਉਹ ਨੈਤਿਕ ਪਿਆਰ ਤੇ ਸਤਿਕਾਰ ਦੇ ਰਸਤੇ ਤੇ ਚਲਣ। ਅੰਗਰੇਜ਼ੀ ਪ੍ਰਣਾਲੀ ਅਨੁਸਾਰ ਵੀ ਸਿੱਖਿਆ ਦਾ ਮੁੱਖ ਮੰਤਵ ਚੰਗੇ ਆਚਰਣ ਦੀ ਉਸਾਰੀ ਕਰਨਾ ਹੈ।

ਮਨੁੱਖ ਦੇ ਚਰਿੱਤਰ ਵਿੱਚ ਉਸ ਦੇ ਨਿਜੀ ਧਾਰਮਿਕ ਅਤੇ ਬੌਧਿਕ ਗੁਣ ਆਉਂਦੇ ਹਨ। ਅਰਸਤੂ ਦੇ ਕਥਨ ਅਨੁਸਾਰ ਮਾਨਵ ਵਿਚ ਦੋ ਪ੍ਰਕਾਰ ਦੀਆਂ ਪ੍ਰਵਿਰਤੀਆਂ ਹੁੰਦੀਆਂ ਹਨ। ਪਹਿਲੀਆਂ ਕਾਮੁਕ ਅਤੇ ਪਸ਼ੂਆਂ ਵਾਲੀਆਂ, ਦੂਜੀਆਂ ਬੌਧਿਕ ਅਥਵਾ ਮਨੁੱਖੀ। ਚੰਗੇ ਚਰਿੱਤਰ ਵਿਚ ਵਿਅਕਤਿਤਵ ਦੇ ਉਹ ਗੁਣ ਸ਼ਾਮਲ ਹੁੰਦੇ ਹਨ ਜੋ ਸਮਾਜ ਦੁਆਰਾ ਬਣਾਏ ਆਦਰਸ਼ਾਂ ਦੇ ਅਨੁਕੂਲ ਹੋਣ। ਇਕ ਚਰਿੱਤਰਵਾਨ ਵਿਅਕਤੀ ਉਤਮ ਈਮਾਨਦਾਰ ਅਤੇ ਪ੍ਰਭਾਵਸ਼ਾਲੀ ਹੁੰਦਾ ਹੈ। ਗਾਂਧੀ ਜੀ ਦੇ ਕਥਨ ਅਨੁਸਾਰ ਨੌਜਵਾਨਾਂ ਨੂੰ ਇਸ ਤਰ੍ਹਾਂ ਵਿਵਹਾਰ ਤੇ ਕੰਮ ਕਰਨਾ ਚਾਹੀਦਾ ਹੈ ਕਿ ਉਹਨਾਂ ਦੇ ਵਿਵਹਾਰ ਦੀ ਛੋਟੀ ਤੋਂ ਛੋਟੀ ਗੱਲ ਵਿਚ ਵੀ ਉਹਨਾਂ ਦਾ ਚਰਿੱਤਰ ਦਿਸ ਪਵੇ।

ਚਰਿੱਤਰ ਉਸਾਰੀ ਦੀ ਸਿੱਖਿਆ ਦੇਣ ਦੀ ਵੀ ਅਤਿਅੰਤ ਲੋੜ ਹੈ ਕਿਉਂਕਿ ਕੋਈ ਮਨੁੱਖ ਜਨਮ ਤੋਂ ਹੀ ਚੰਗੇ ਗੁਣਾਂ ਦੀ ਧਾਰਨਾ ਨਹੀਂ ਕਰਦਾ। ਪਸ਼ੂਆਂ ਵਾਂਗ ਉਹ ਵੀ ਆਪਣੇ ਅੰਦਰ ਬਹੁਤ ਸਾਰੀਆਂ ਪ੍ਰਵਿਰਤੀਆਂ ਰਖਦਾ ਹੈ ਇਹ ਸਿੱਖਿਆ ਹੀ ਹੈ ਜ਼ੋ ਉਸ ਨੂੰ ਚੰਗੀਆਂ ਰੁਚੀਆਂ, ਕਦਰਾਂ-ਕੀਮਤਾਂ ਤੇ ਸ਼ੁੱਧ ਭਾਵਨਾਵਾਂ ਵੱਲ

ਪ੍ਰੇਰਦੀ ਹੈ। ਇਸ ਲਈ ਜ਼ਰੂਰੀ ਹੈ ਕਿ ਅਧਿਆਪਕ ਬੱਚਿਆਂ ਦੇ ਸਾਹਮਣੇ ਚੰਗੇ ਆਦਰਸ਼ ਰੱਖੇ। ਉਹਨਾਂ ਆਦਰਸ਼ਾਂ ਤੇ ਆਪ ਵੀ ਅਮਲ ਕਰੇ। ਸੈਕੰਡਰੀ ਐਜੂਕੇਸ਼ਨ ਕਮਿਸ਼ਨ ਨੇ ਵੀ ਚਰਿੱਤਰ ਉਸਾਰੀ ਲਈ ਅਧਿਆਪਕ ਦੇ ਯੋਗਦਾਨ ਤੇ ਜ਼ੋਰ ਦਿੱਤਾ ਹੈ। ਅਧਿਆਪਕ ਦਾ ਕੰਮ ਕੇਵਲ ਪਾਠ-ਪੁਸਤਕਾਂ ਪੜ੍ਹਾਉਣਾ ਨਹੀਂ ਸਗੋਂ ਅਜਿਹੇ ਮਨੁੱਖ ਪੈਦਾ ਕਰਨਾ ਹੈ ਜੋ ਚੰਗੇਰੇ ਸਮਾਜਿਕ ਢਾਂਚੇ ਦੀ ਉਸਾਰੀ ਕਰ

ਸਕਣ। ਨਾਲ ਹੀ ਚਰਿੱਤਰ ਦੀ ਸੀਮਿਤ ਵਿਆਖਿਆ ਤੇ ਬੜੀ ਆਲੋਚਨਾ ਕੀਤੀ ਜਾਂਦੀ ਹੈ ਕਿਉਂਕਿ ਕੇਵਲ ਚਰਿੱਤਰ ਉਸਾਰੀ ਵੱਲ ਧਿਆਨ ਦੇਣਾ ਜ਼ਰੂਰੀ ਹੈ। ਉਥੇ ਸਿਹਤ ਸੰਬੰਧੀ ਆਦਤਾਂ ਦੀ ਸਿਖਲਾਈ ਦੇਣ ਨਾਲ ਮਨੁੱਖ ਦੇ ਮਨ ਵਿਚ ਸਚਾਈ, ਸੁੰਦਰਤਾ, ਨੇਕੀ ਤੇ ਪ੍ਰਸੰਨਤਾ ਦੀ ਭਾਵਨਾ ਦਾ ਸੰਚਾਰ ਹੁੰਦਾ ਹੈ। ਇਸ ਤੋਂ ਬਿਨਾਂ ਚੰਗੇ ਮੰਦੇ ਦੀ ਸਹੀ ਪਛਾਣ ਤੇ ਵਿਆਖਿਆ ਵਰਗੇ ਅਜਿਹੇ ਗੁਣ ਪੈਦਾ ਕਰਨਾ ਹੈ ਜਿਹਨਾਂ ਨੂੰ ਇਸ ਸਮੇਂ ਦਾ ਸਮਾਜ ਚੰਗਾ ਸਮਝਦਾ ਹੋਵੇ। ਅੱਜ ਕੱਲ੍ਹ ਸਾਡੀਆਂ ਸਿੱਖਿਆ ਸੰਸਥਾਵਾਂ ਵਿਚ ਬੌਧਿਕ ਪੱਖ ਨੂੰ ਮੁੱਖ ਸਥਾਨ ਦਿੱਤਾ ਜਾਂਦਾ ਹੈ ਅਤੇ ਸਰੀਰਕ ਪੱਖ ਤੇ ਨੈਤਿਕ ਪੱਖ ਨੂੰ ਅੱਖੋਂ ਓਹਲੇ ਕਰ ਦਿੱਤਾ ਜਾਂਦਾ ਹੈ। ਪਰੰਤੂ ਸਿੱਖਿਆ ਤਾਂ ਹੀ ਪੂਰਣ ਹੋ ਸਕਦੀ ਹੈ ਜੇ ਉਹ ਵਿਅਕਤੀ ਦੇ ਬੌਧਿਕ, ਨੈਤਿਕ ਅਤੇ ਸਰੀਰਕ ਵਿਕਾਸ ਵਲ ਧਿਆਨ ਦੇਵੇ।ਸਮੂਹਿਕ ਪ੍ਰਾਰਥਾਨਾਵਾਂ, ਵਿਦਵਾਨ ਸ਼ਖਸੀਅਤਾਂ ਦੇ ਭਾਸ਼ਣ ਅਤੇ ਵਾਸਤਵਿਕ ਸਥਿਤੀਆਂ ਦੁਆਰਾ ਵਿਦਿਆਰਥੀਆਂ ਨੂੰ ਨੈਤਿਕ ਸਿੱਖਿਆ ਦਿੱਤੀ ਜਾ ਸਕਦੀ ਹੈ। ਨੈਤਿਕ ਸਿੱਖਿਆ ਦੇਣ ਵਿਚ ਮਾਂ ਬਾਪ ਦਾ ਵੀ ਯੋਗਦਾਨ ਹੋਣਾ ਚਾਹੀਦਾ ਹੈ। ਭਿੰਨ-ਭਿੰਨ ਸਾਧਨਾਂ ਦੇ ਸਹਿਯੋਗ ਨਾਲ ਅਸੀਂ ਸਮਾਜ ਨੂੰ ਅਨੈਤਿਕ ਪਤਨ ਤੋਂ ਬਚਾ ਸਕਦੇ ਹਾਂ।

### 1.4.3.5 ਸਰਵਪੱਖੀ ਵਿਕਾਸ ਦਾ ਉਦੇਸ਼ (Harmonious Development)

ਸਿੱਖਿਆ ਦੇ ਕਈ ਵੱਖ-ਵੱਖ ਉਦੇਸ਼ ਹਨ ਜਿਵੇਂ ਕਿ ਗਿਆਨ ਪ੍ਰਾਪਤੀ, ਵਿਵਸਾਇਕ ਉਦੇਸ਼, ਸੰਸਕ੍ਰਿਤਕ ਉਦੇਸ਼ ਆਦਿ ਪਰੰਤੂ ਇਹਨਾਂ ਵਿਚੋਂ ਕੋਈ ਵੀ ਉਦੇਸ਼ ਮਨੁੱਖ ਦੀਆਂ ਸਭ ਪ੍ਰਕਾਰ ਦੀਆਂ ਲੋੜਾਂ ਨੂੰ ਪੂਰਾ ਨਹੀਂ ਕਰ ਸਕਦਾ। ਕਿਸੇ ਇਕ ਉਦੇਸ਼ ਨੂੰ ਸਵੀਕਾਰ ਕਰਨ ਨਾਲ ਮਨੁੱਖ ਦੇ ਵਿਅਕਤਿਤਵ ਦਾ ਵਿਕਾਸ ਇਕ ਪੱਖੀ ਅਤੇ ਅਧੂਰਾ ਰਹਿ ਜਾਵੇਗਾ। ਇਸ ਦੋਸ਼ ਨੂੰ ਦੂਰ ਕਰਨ ਲਈ ਸਿੱਖਿਆ ਦੇ ਅਜਿਹੇ ਵਿਆਪਕ ਉਦੇਸ਼ ਦਾ ਸੁਝਾਅ ਦਿੱਤਾ ਜਾਂਦਾ ਹੈ ਜਿਸ ਵਿੱਚ ਮਨੁੱਖ ਦੇ ਵਿਅਕਤਿਤਵ ਦਾ ਸਰਵਪੱਖੀ ਵਿਕਾਸ ਹੋ ਸਕੇ। ਬੱਚੇ ਵਿੱਚ ਕਈ ਪ੍ਰਕਾਰ ਦੀਆਂ ਯੋਗਤਾਵਾਂ ਹੁੰਦੀਆਂ ਹਨ। ਸੰਤੁਲਿਤ ਵਿਕਾਸ ਲਈ ਇਹਨਾਂ ਯੋਗਤਾਵਾਂ ਦਾ ਸਰਬ-ਪੱਖੀ ਵਿਕਾਸ ਜ਼ਰੂਰੀ ਹੈ। ਇਸ ਲਈ ਸਰਬ-ਪੱਖੀ ਵਿਕਾਸ ਹੀ ਸਿੱਖਿਆ ਦਾ ਉਦੇਸ਼ ਹੋਣਾ ਚਾਹੀਦਾ ਹੈ।

ਸਰਬ-ਪੱਖੀ ਵਿਕਾਸ ਦੇ ਉਦੇਸ਼ ਤੋਂ ਭਾਵ ਹੈ ਵਿਅਕਤੀ ਦਾ ਸਰਬ-ਪੱਖੀ ਵਿਕਾਸ ਕਰਨਾ। ਇਸ ਤੋਂ ਭਾਵ ਮਨੁੱਖੀ ਪ੍ਰਕ੍ਰਿਤੀ ਦੇ ਸਰੀਰਕ, ਦਿਮਾਗੀ, ਸੁੰਦਰਤਾ ਪਰਖ ਸਬੰਧ, ਨੈਤਿਕ ਤੇ ਅਧਿਆਤਮਕ ਪੱਖਾਂ ਦਾ ਵਿਕਾਸ ਕਰਨਾ।

**ਰੂਸੋ :-** ''ਸਰਬ ਪੱਖੀ ਵਿਕਾਸ ਦਾ ਉਦੇਸ਼ ਸਭ ਤੋਂ ਪਹਿਲਾਂ ਰੂਸੋ ਨੇ ਦਿੱਤਾ ਉਸ ਨੇ ਸਿੱਖਿਆ ਨੂੰ ਇਕ ਆਨੰਦ ਮਾਨਣ ਵਾਲੀ, ਤਰਕਸ਼ੀਲ, ਸਰਬ-ਪੱਖੀ , ਸੰਤੁਲਿਤ, ਲਾਭਦਾਇਕ ਅਤੇ ਕੁਦਰਤੀ, ਜੀਵਨ ਦੇ ਵਿਕਾਸ ਦੀ ਪ੍ਰਕਿਰਿਆ ਕਿਹਾ ਹੈ।''

**ਰਾਸ :-** ''ਸਰਬ ਪੱਖੀ ਵਿਕਾਸ ਤੋਂ ਭਾਵ ਦਿਮਾਗ, ਦਿਲ ਤੇ ਹੱਥਾਂ ਦੀ ਸਿੱਖਿਆ ਹੈ। ਨੈਤਿਕ ਅਤੇ ਸੁੰਦਰਤਾ-ਪਰਖ ਸਬੰਧੀ ਵਿਕਾਸ ਹੈ।''

ਕਈ ਸਿੱਖਿਆ ਸ਼ਾਸਤਰੀ ਵੀ ਜਿਵੇਂ ਰੂਸੋ, ਪੈਸਟਾਲੋਜੀ ਅਤੇ ਗਾਂਧੀ ਜੀ ਸਰਵ-ਪੱਖੀ ਵਿਕਾਸ ਨੂੰ ਹੀ ਸਿੱਖਿਆ ਦਾ ਮੁੱਖ ਉਦੇਸ਼ ਮੰਨਦੇ ਹਨ। ਪੈਸਟਾਲੋਜੀ ਦੇ ਕਥਨ ਅਨੁਸਾਰ, ''ਹਰ ਪ੍ਰਕਾਰ ਦੀ ਸਿੱਖਿਆ ਦਾ ਉਦੇਸ਼ ਮਾਨਵ ਪ੍ਰਕਿਰਤੀ ਦੇ ਵਿਕਾਸ ਤੋਂ ਸਿਵਾ ਹੋਰ ਕੁਝ ਨਹੀਂ ਹੋ ਸਕਦਾ। ਇਹ ਵਿਕਾਸ ਉਸ ਦੀਆਂ ਸ਼ਕਤੀਆਂ ਅਤੇ ਪ੍ਰਤਿਭਾਵਾਂ ਦੀ ਸਰਵ-ਪੱਖੀ ਉਨਤੀ ਅਤੇ ਜੀਵਨ ਦੇ ਮਾਨਵਪੁਣੇ ਦੇ ਵਿਕਾਸ ਨਾਲ ਹੀ ਹੋ ਸਕਦਾ ਹੈ। ਦੂਜੇ ਸ਼ਬਦਾਂ ਵਿਚ ਪੈਸਟਾਲੋਜੀ ਨੇ ਬੁੱਧੀ, ਹੱਕ ਤੇ ਮਨ ਅਰਥਾਤ ਇਨ੍ਹਾਂ ਦੇ ਸਰਵ-ਪੱਖੀ ਵਿਕਾਸ ਨੂੰ ਸਭ ਸਿੱਖਿਆ ਕਿਰਿਆਵਾਂ ਦਾ ਤੱਤ ਮੰਨਿਆ ਹੈ। ਮਹਾਤਮਾ ਗਾਂਧੀ ਵੀ ਇਸੇ ਵਿਚਾਰ ਦੇ ਪੱਖੀ ਸਨ। ਸਿੱਖਿਆ ਦੀ ਪਰਿਭਾਸ਼ਾ ਵਜੋਂ ਉਨ੍ਹਾਂ ਨੇ ਕਿਹਾ, ''ਸਿੱਖਿਆ ਤੋਂ ਮੇਰਾ ਭਾਵ ਹੈ ਬੱਚੇ ਅਤੇ ਮਨੁੱਖ ਦੇ ਸਰੀਰ, ਮਨ ਤੇ ਆਤਮਾ ਦਾ ਸਰਵੋਤਮ ਵਿਕਾਸ ਹੈ।''

ਸਰਵ-ਪੱਖੀ ਵਿਕਾਸ ਸਿੱਖਿਆ ਦਾ ਵਿਆਪਕ ਉਦੇਸ਼ ਹੈ ਇਸ ਵਿਚ ਜੀਵਨ ਦੇ ਸਾਰੇ ਪੱਖ ਸ਼ਾਮਲ ਸਨ ਫਿਰ ਵੀ ਇਸ ਦੀ ਆਲੋਚਨਾ ਕੀਤੀ ਗਈ ਹੈ। ਸਰਵਪੱਖੀ ਵਿਕਾਸ ਅਸਪਸ਼ਟ ਧਾਰਨਾ ਹੈ। ਇਸ ਨਾਲ ਅਜਿਹੇ ਵਿਅਕਤੀਆਂ ਦਾ ਨਿਰਮਾਣ ਹੋਵੇਗਾ ਜਿਨਾਂ ਨੂੰ ਕਿਸੇ ਵੀ ਖਾਸ ਚੀਜ਼ ਵਿਚ ਨਿਪੁੰਨਤਾ ਪ੍ਰਾਪਤ ਨਹੀਂ ਹੋਵੇਗੀ। ਇਸ ਲਈ ਮਨੁੱਖ ਦੀ ਸਰਵੋਤਮ ਯੋਗਤਾ ਤੇ ਵਿਸ਼ੇਸ਼ ਵਿਕਾਸ ਵੱਲ ਧਿਆਨ ਦੇਣਾ ਬਣਾ ਜ਼ਰੂਰੀ ਹੈ। ਕਿਸ ਪ੍ਰਕਾਰ ਦੀ ਸਿੱਖਿਆ ਸੰਸਥਾ ਦੁਆਰਾ ਵਿਅਕਤੀ ਦਾ ਪੂਰਨ ਤੇ ਸਰਵਪੱਖੀ ਵਿਕਾਸ ਹੋ ਸਕਦਾ ਹੈ? ਇਸ ਦਾ ਵੀ ਕੋਈ ਹੱਲ ਨਹੀਂ। ਮਨੋਵਿਗਿਆਨਕ ਰੂਪ ਵਿਚ ਇਹ ਗੱਲ ਸਿੱਧ ਹੋ ਚੁੱਕੀ ਹੈ ਕਿ ਜਦ ਵਿਅਕਤੀ ਦੇ ਇਕ ਪੱਖ ਦਾ ਪੂਰਨ ਵਿਕਾਸ ਹੁੰਦਾ ਹੈ ਤਾਂ ਦੂਜੇ ਪੱਖ ਕੁਝ ਅਵਿਕਸਿਤ ਰਹਿ ਜਾਂਦੇ ਹਨ। ਸਰਵਪੱਖੀ ਵਿਕਾਸ ਲਈ ਪਾਠ ਕ੍ਰਮ ਨਿਸ਼ਚਿਤ ਕਰਨਾ ਵੀ ਮੁਸ਼ਕਿਲ ਹੋ ਜਾਂਦਾ ਹੈ। ਕਿਸੇ ਵਿਸ਼ੇ ਉਤੇ ਕਿਤਨਾ ਜ਼ੋਰ ਦਿੱਤਾ ਜਾਵੇ ਇਸ ਦਾ ਫੈਸਲਾ ਕਰਨਾ ਔਖਾ ਹੋ ਜਾਂਦਾ ਹੈ।

ਅਖੀਰ ਅਸੀਂ ਇਸ ਸਿੱਟੇ ਤੇ ਪਹੁੰਚਦੇ ਹਾਂ ਕਿ ਸਰਵ ਪੱਖੀ ਵਿਕਾਸ ਸਿੱਖਿਆ ਦਾ ਉਚਿਤ ਉਦੇਸ਼ ਹੈ ਪਰੰਤੂ ਇਸ ਦੀਆਂ ਕੁਝ ਹੱਦਾਂ ਵੀ ਹਨ। ਸਿੱਖਿਆ ਦੁਆਰਾ ਮਨੁੱਖ ਦੇ ਵਿਅਕਤਿਤਵ ਦੇ ਕਿਸੇ ਪੱਖ ਵਿਚ ਗਿਰਾਵਟ ਨਹੀਂ ਹੋਣੀ ਚਾਹੀਦੀ ਪਰੰਤੂ ਇਸ ਦਾ ਅਰਥ ਇਹ ਨਹੀਂ ਕਿ ਇਕ ਵਿਅਕਤੀ ਨੂੰ ਖਿਲਾੜੀ, ਵਿਦਵਾਨ, ਕਲਾਕਾਰ, ਗਿਆਨੀ, ਸੰਤ ਆਦਿ ਸਭ ਕੁਝ ਬਣਾ ਦਿੱਤਾ ਜਾਵੇ। ਮਨੁੱਖ ਦੀ ਉਸ ਖਾਸ ਯੋਗਤਾ ਦਾ ਭਾਵੇਂ ਉਹ ਕਲਾਤਮਕ ਹੋਵੇ ਜਾਂ ਵਿਗਿਆਨਕ, ਪੂਰਨ ਵਿਕਾਸ ਹੋਣਾ ਚਾਹੀਦਾ ਹੈ ਜੋ ਕਿ ਉਸ ਦੀਆਂ ਦੂਜੀਆਂ ਯੋਗਤਾਵਾਂ ਨਾਲੋਂ ਵੱਧ ਸ਼ਕਤੀਸ਼ਾਲੀ ਹੈ। ਹੋਰ ਦੂਜੀਆਂ ਯੋਗਤਾਵਾਂ ਦਾ ਜਿੰਨਾ ਸੰਭਵ ਹੋ ਸਕੇ ਉਤਨਾ ਵਿਕਾਸ ਹੋਣਾ ਚਾਹੀਦਾ ਹੈ।

ਉਪਰੋਕਤ ਉਦੇਸ਼ਾਂ ਤੋਂ ਬਿਨਾਂ ਸਿੱਖਿਆ ਦੇ ਕਈ ਹੋਰ ਉਦੇਸ਼ ਵੀ ਮੰਨੇ ਜਾਂਦੇ ਹਨ ਜਿਵੇਂ ਕਿ ਪੂਰਨ ਜੀਵਨ ਲਈ ਸਿੱਖਿਆ ਦਾ ਅਧਿਆਤਮਕ ਉਦੇਸ਼ ਆਦਿ। ਪੂਰਨ ਜੀਵਨ ਲਈ ਸਿੱਖਿਆ ਤੋਂ ਭਾਵ ਹੈ ਕਿ ਅਜਿਹੇ ਨਾਗਰਿਕਾਂ ਦਾ ਨਿਰਮਾਣ ਕਰਨਾ ਜਿਹਨਾਂ ਦਾ ਕਾਰ ਵਿਹਾਰ ਚੰਗਾ ਹੋਵੇ ਅਤੇ ਜਿਹੜੇ ਸੰਸਾਰ ਵਿੱਚ ਆਪਣਾ ਮਾਰਗ ਨਿਸ਼ਚਿਤ ਕਰ ਸਕਣ। ਨੈਤਿਕ ਕਰਤੱਵ ਅਤੇ ਕਿਰਿਆਤਮਕ ਆਤਮ ਨਿਰਭਰਤਾ ਦੇ ਗੁਣ ਸਿੱਖਿਆ ਦੁਆਰਾ ਹੀ ਵਿਅਕਤੀ ਵਿਚ ਪੈਦਾ ਹੋ ਸਕਦੇ ਹਨ।

ਸਿੱਖਿਆ ਦੁਆਰਾ ਹੀ ਮਨੁੱਖ ਨੂੰ ਅੰਤਿਮ ਬਚਾਓ ਦੀ ਵੀ ਯੋਗਤਾ ਪ੍ਰਦਾਨ ਕਰਨੀ ਚਾਹੀਦੀ ਹੈ। ਸਿੱਖਿਆ ਦੁਆਰਾ ਮਨੁੱਖ ਨੂੰ ਆਪਣੀ ਰੋਟੀ ਕਮਾਉਣ ਅਤੇ ਜੀਵਨ ਦੀਆਂ ਲੋੜਾਂ ਨੂੰ ਪੂਰਾ ਕਰਨ ਦੀ ਯੋਗਤਾ ਪ੍ਰਦਾਨ ਕਰਨੀ ਚਾਹੀਦੀ ਹੈ। ਸਿੱਖਿਆ ਦੁਆਰਾ ਵਿਅਕਤੀ ਨੂੰ ਆਪਣੇ ਸਮਾਜਿਕ ਅਤੇ

ਰਾਜਨੀਤਿਕ ਕਰਤੱਵਾਂ ਨੂੰ ਚੰਗੀ ਤਰ੍ਹਾਂ ਨਿਭਾਉਣ ਲਈ ਤਿਆਰ ਕਰਨਾ ਚਾਹੀਦਾ ਹੈ। ਸਿੱਖਿਆ ਦੁਆਰਾ ਵਿਅਕਤੀ ਨੂੰ ਆਪਣੀ ਵਿਹਲ ਦੀ ਚੰਗੀ ਵਰਤੋਂ ਲਈ ਤਿਆਰ ਹੋਣਾ ਚਾਹੀਦਾ ਹੈ ਤਾਂ ਜੋ ਉਹ ਕਲਾ, ਸੰਸਕ੍ਰਿਤੀ ਸਾਹਿਤ ਦਾ ਆਨੰਦ ਪ੍ਰਾਪਤ ਕਰ ਸਕੇ। ਇਸ ਨਾਲ ਉਸ ਦੀ ਸਰੀਰਕ ਅਤੇ ਮਾਨਸਿਕ ਸਿਹਤ ਦਾ ਵਿਕਾਸ ਹੋਵੇਗਾ।

### 1.4.4 ਸਿੱਖਿਆ ਦੇ ਵਿਅਕਤੀਗਤ ਅਤੇ ਸਮਾਜਿਕ ਉਦੇਸ਼ (Individual and Social Aims of Education)

ਸਿੱਖਿਆ ਦੇ ਉਦੇਸ਼ ਜੀਵਨ ਦੇ ਆਦਰਸ਼ਾਂ ਨਾਲ ਸੰਬੰਧਿਤ ਹਨ। ਹਰ ਪ੍ਰਾਣੀ ਆਪਣੀਆਂ ਨਿੱਜੀ ਸਮਰਥਾਵਾਂ ਤੇ ਕੁਦਰਤੀ ਯੋਗਤਾਵਾਂ ਨਾਲ ਲੈ ਕੇ ਇਸ ਸੰਸਾਰ ਵਿੱਚ ਆਉਂਦਾ ਹੈ। ਸਿੱਖਿਆ ਦਾ ਇਹ ਕੰਮ ਹੈ ਕਿ ਇਹਨਾਂ ਸਮਰਥਾਵਾਂ ਤੇ ਯੋਗਤਾਵਾਂ ਨੂੰ ਵਿਕਸਿਤ ਕਰੇ ਤੇ ਮਨੁੱਖ ਦੇ ਵਿਅਕਤਿਤਵ ਨੂੰ ਮਹਾਨ ਬਣਾਏ। ਪਰੰਤੂ ਕਿਸੇ ਵੀ ਮਨੁੱਖ ਦੇ ਵਿਅਕਤਿਤਵ ਦਾ ਵਿਕਾਸ ਨਿਰੇ ਖਲਾਅ ਜਾਂ ਪਲਾੜ ਵਿੱਚ ਨਹੀਂ ਹੋ ਸਕਦਾ। ਇਹ ਵਿਕਾਸ ਤਾਂ ਹੀ ਹੋ ਸਕਦਾ ਹੈ ਜੇ ਮਨੁੱਖ ਆਪਣੇ ਆਪ ਨੂੰ ਦੂਸਰੇ ਮਨੁੱਖਾਂ ਨਾਲ ਸਬੰਧਿਤ ਕਰੇ, ਉਹਨਾਂ ਨਾਲ ਮਿਲ ਜੁਲ ਕੇ ਰਹੇ ਅਤੇ ਮਨੁੱਖਾਂ ਨਾਲ ਮਿਲ ਕੇ ਸਮਾਜ ਭਲਾਈ ਲਈ ਕੰਮ ਕਰੇ। ਇਸ ਲਈ ਮਨੁੱਖ ਲਈ ਵਿਅਕਤੀਗਤ ਅਤੇ ਸਮਾਜਿਕ ਦੋਵੇਂ ਪੱਖ ਜ਼ਰੂਰੀ ਹਨ। ਪਰੰਤੂ ਕੁੱਝ ਸਿੱਖਿਆ ਸ਼ਾਸਤਰੀ ਇਹਨਾਂ ਦੋਨਾਂ ਪੱਖਾਂ ਨੂੰ ਇਕ ਦੂਜੇ ਦੇ ਵਿਰੋਧੀ ਸਮਝਦੇ ਹਨ। ਕਈ ਸਿੱਖਿਆ ਸ਼ਾਸਤਰੀ ਇਹਨਾਂ ਦੋਹਾਂ ਪੱਖਾਂ ਵਿੱਚ ਸੰਤੁਲਨ ਕਾਇਮ ਕਰਨਾ ਚਾਹੁੰਦੇ ਹਨ। ਦੇਖਣਾ ਇਹ ਹੈ ਕਿ ਵਿਅਕਤੀ ਦਾ ਜੀਵਨ ਆਧਾਰ ਸਮਾਜ ਹੈ ਜਾਂ ਸਮਾਜ ਦੀ ਹੋਂਦ ਵਿਅਕਤੀ ਵਾਸਤੇ ਹੁੰਦੀ ਹੈ।

### 1.4.4.1 ਸਿੱਖਿਆ ਦੇ ਵਿਅਕਤੀਗਤ ਉਦੇਸ਼ (Individual Aims of Education)

ਸਿੱਖਿਆ ਦਾ ਉਦੇਸ਼ ਵਿਅਕਤੀ ਦੀ ਸਿਖਲਾਈ ਅਤੇ ਵਿਕਾਸ ਹੋਣਾ ਚਾਹੀਦਾ ਹੈ। ਹਰੇਕ ਪ੍ਰਕਾਰ ਦੇ ਸਕੂਲ ਵਿਚ ਸਿੱਖਿਆ ਦੇ ਸਾਰੇ ਯਤਨਾਂ ਦਾ ਕੇਂਦਰ ਵਿਅਕਤੀ ਹੀ ਹੋਣਾ ਚਾਹੀਦਾ ਹੈ, ਸਮਾਜ ਨਹੀ।

#### I. ਵਿਅਕਤੀਗਤ ਉਦੇਸ਼ ਦਾ ਸੰਕੁਚਿਤ ਅਰਥ

ਸੰਕੁਚਿਤ ਅਰਥਾਂ ਵਿੱਚ ਸਿੱਖਿਆ ਦੇ ਵਿਅਕਤੀਗਤ ਉਦੇਸ਼ ਨੂੰ ਸਵੈ-ਅਭਿਵਿਅਕਤੀ, ਬੱਚੇ ਦੀਆਂ ਸ਼ਕਤੀਆਂ ਦਾ ਸਰਬ ਪੱਖੀ ਵਿਕਾਸ ਅਤੇ ਕੁਦਰਤੀ ਵਿਕਾਸ ਆਦਿ ਦਿੱਤੇ ਗਏ ਹਨ।

#### II. ਵਿਅਕਤੀਗਤ ਉਦੇਸ਼ ਦਾ ਵਿਸ਼ਾਲ ਅਰਥ

ਵਿਸ਼ਾਲ ਅਰਥਾਂ ਵਿੱਚ ਸ਼ਖਸੀਅਤ ਦੇ ਵਿਕਾਸ ਦੀ ਸਿੱਖਿਆ ਦੇ ਇਕ ਉਦੇਸ਼ ਵਜੋਂ ਵਿਆਖਿਆ ਸਵੈ ਅਹਿਸਾਸ (self realization) ਦੇ ਤੌਰ ਤੇ ਕੀਤੀ ਜਾ ਸਕਦੀ ਹੈ। ਇਸ ਅਰਥ ਅਨੁਸਾਰ ਬੱਚੇ ਦੀਆਂ ਲੋੜਾਂ, ਰੁੱਚੀਆਂ ਅਤੇ ਯੋਗਤਾਵਾਂ ਆਦਿ ਨੂੰ ਧਿਆਨ ਵਿੱਚ ਰੱਖਦੇ ਹੋਏ ਬੱਚੇ ਨੂੰ ਉਹ ਸਾਰੇ ਮੌਕੇ ਪ੍ਰਦਾਨ ਕਰਨੇ ਚਾਹੀਦੇ ਹਨ, ਜਿਹੜੇ ਉਸ ਨੂੰ ਉਸ ਦੀਆਂ ਸਾਰੀਆਂ ਸ਼ਕਤੀਆਂ ਦੇ ਸਮੁੱਚੇ ਵਿਕਾਸ ਵਿਚ ਅਤੇ ਉਸ ਨੂੰ ਵਧੀਆ ਵਿਅਕਤੀ ਬਣਾਉਣ ਵਿੱਚ ਸਹਾਈ ਸਾਬਤ ਹੋਣ।

#### III. ਆਲੋਚਨਾ

ਸਿੱਖਿਆ ਦੇ ਵਿਅਕਤੀਗਤ ਉਦੇਸ਼ ਦੀ ਬਹੁਤ ਆਲੋਚਨਾ ਕੀਤੀ ਗਈ ਹੈ। ਅਸੀਂ ਇਕ ਅਜਿਹੇ ਵਿਅਕਤੀ ਦੀ ਕਲਪਨਾ ਹੀ ਨਹੀਂ ਕਰ ਸਕਦੇ ਜੋ ਸਮਾਜ ਤੋਂ ਵੱਖ ਰਹਿ ਕੇ ਵਿਕਾਸ ਕਰ ਸਕੇ। ਭਾਵੇਂ ਸਿੱਖਿਆ ਦਾ ਉਦੇਸ਼ ਵਿਅਕਤੀਗਤ ਚਰਿੱਤਰ ਦਾ ਵਿਕਾਸ ਹੈ ਪਰ ਫਿਰ ਵੀ ਮਨੁੱਖ ਦਾ ਵਿਕਾਸ

ਖਿਲਾਅ ਵਿੱਚ ਨਹੀਂ ਹੋ ਸਕਦਾ। ਜੇ ਸਿੱਖਿਆ ਸਮਾਜਿਕ ਉਦੇਸ਼ ਵੱਲ ਨਹੀਂ ਵੱਧਦੀ, ਉਹ ਵਿਅਕਤੀ ਦਾ ਵਿਕਾਸ ਵੀ ਨਹੀਂ ਕਰ ਸਕਦੀ।

ਪ੍ਰਕ੍ਰਿਤੀਵਾਦੀਆਂ ਅਨੁਸਾਰ ਸਿੱਖਿਆ ਦਾ ਉਦੇਸ਼ ਵਿਅਕਤੀ ਦਾ ਸੁਤੰਤਰ ਵਿਕਾਸ ਹੈ। ਇਸ ਦਾ ਭਾਵ ਹੈ ਕਿ ਵਿਅਕਤੀ ਨੂੰ ਪੂਰਨ ਆਜ਼ਾਦੀ ਦੇਣਾ। ਜੇ ਮਨੁੱਖ ਆਪਣੇ ਪ੍ਰਕਿਰਤਕ ਸੁਭਾਅ ਅਨੁਸਾਰ ਆਪਣੀ ਮਨਮਰਜ਼ੀ ਕਰਨ ਤਾਂ ਕਮਜ਼ੋਰ ਅਤੇ ਨਿਰਬਲਾਂ ਨੂੰ ਨੁਕਸਾਨ ਉਠਾਉਣਾ ਪਵੇਗਾ ਅਤੇ ਉਹ ਪਿਛੇ ਰਹਿ ਜਾਣਗੇ।

ਇਸ ਵਿੱਚ ਕੋਈ ਸ਼ੱਕ ਨਹੀਂ ਕਿ ਮਹਾਨ ਵਿਅਕਤੀਆਂ ਨੇ ਮਨੁੱਖਤਾ ਦੇ ਵਿਕਾਸ ਵਿੱਚ ਮਹੱਤਵਪੂਰਣ ਦੇਣ ਦਿੱਤੀ ਹੈ। ਪਰੰਤੂ ਉਹ ਅਜਿਹਾ ਕਰਨ ਦੇ ਤਾਂ ਹੀ ਯੋਗ ਹੋ ਸਕਦੇ ਹਨ ਜੇ ਉਹਨਾਂ ਨੂੰ ਸਮਾਜ ਦੁਆਰਾ ਧਰਮ, ਪਰੰਪਰਾ, ਕਲਾ ਤੇ ਵਿਗਿਆਨ ਦੇ ਰੂਪ ਵਿੱਚ ਆਪਣੀ ਬੁੱਧੀ ਦੇ ਵਿਕਾਸ ਤੇ ਅਮੀਰ ਵਿਰਸੇ ਨੂੰ ਜਾਂਚਣ ਦੇ ਮੌਕੇ ਦਿੱਤੇ ਜਾਣ। ਉਨ੍ਹਾਂ ਨੇ ਜੋ ਕੁਝ ਵੀ ਪ੍ਰਾਪਤ ਕੀਤਾ ਹੈ ਉਸ ਦਾ ਮੂਲ ਆਧਾਰ ਸਮਾਜਿਕ ਸੀ।

ਜੀਵ ਵਿਗਿਆਨੀਆਂ ਦਾ ਵਿਅਕਤਿਤਵ ਤੇ ਸੁਤੰਤਰ ਵਿਕਾਸ ਵਾਲਾ ਵਿਚਾਰ ਵੀ ਦੋਸ਼ ਪੂਰਨ ਹੈ। ਭਾਵੇਂ ਮਨੁੱਖ ਹੀ ਆਤਮ ਨਿਰਭਰ ਇਕਾਈ ਹੈ ਪਰੰਤੂ ਉਹ ਸਿੱਖਿਆ ਹੀ ਹੈ ਜੋ ਉਸ ਦੇ ਵਿਅਕਤਿਤਵ ਦਾ ਸਰਵਪੱਖੀ ਵਿਕਾਸ ਕਰਕੇ ਉਸ ਦੇ ਚਰਿੱਤਰ ਦਾ ਨਿਰਮਾਣ ਕਰਦੀ ਹੈ ਅਤੇ ਇਸ ਤਰ੍ਹਾਂ ਉਸ ਨੂੰ ਸਮਾਜ ਵਿਚ ਰਹਿਣ ਦੇ ਯੋਗ ਬਣਾਉਂਦੀ ਹੈ। ਵਿਅਕਤਿਤਵ ਦਾ ਵਿਕਾਸ ਸਮਾਜਿਕ ਵਾਤਾਵਰਣ ਤੋਂ ਸੁਤੰਤਰ ਤੇ ਇਸ ਦੇ ਖਿਲਾਫ ਨਹੀਂ ਹੋ ਸਕਦਾ।

ਵਿਅਕਤੀਵਾਦੀ ਉਦੇਸ਼ਾਂ ਦੇ ਆਲੋਚਕ ਇਸ ਗੱਲ ਵਿਚ ਵਿਸ਼ਵਾਸ ਰਖਦੇ ਹਨ ਕਿ ਵਿਅਕਤੀ ਨੂੰ ਜੇਕਰ ਆਪਣੇ ਆਪ ਵਿੱਚ ਛੱਡ ਦਿੱਤਾ ਜਾਵੇ ਤਾਂ ਉਹ ਸਵਾਰਥੀ ਅਤੇ ਬੇਕਾਬੂ ਬਣ ਜਾਵੇਗਾ। ਉਸ ਦੀਆਂ ਪਸ਼ੂ ਬਿਰਤੀਆਂ ਵੱਧ ਜਾਣਗੀਆਂ। ਮਨੁੱਖ ਸ਼ਾਸਨਹੀਣ ਅਤੇ ਅਸੰਤੋਖਜਨਕ ਬਣ ਜਾਵੇਗਾ।

ਸਿੱਖਿਆ ਦਾ ਵਿਅਕਤੀਗਤ ਉਦੇਸ਼ ਇਹ ਮੰਗ ਕਰਦਾ ਹੈ ਕਿ ਬੱਚੇ ਨੂੰ ਸਮਾਜਿਕ ਰੋਕ ਜਾਂ ਬੰਧਨ ਤੋਂ ਬਿਨਾਂ ਆਪਣੇ ਵਿਅਕਤਿਤਵ ਦਾ ਪੂਰਨ ਸਰੀਰਕ, ਮਾਨਸਿਕ, ਆਤਮਿਕ ਅਤੇ ਬੌਧਿਕ ਵਿਕਾਸ ਕਰਨ ਦੇ ਪੂਰੇ ਮੌਕੇ ਦਿੱਤੇ ਜਾਣ।

### 1.4.4.2 ਸਿੱਖਿਆ ਦੇ ਸਮਾਜਿਕ ਉਦੇਸ਼ (Social Aims of Education) :

ਸਿੱਖਿਆ ਦੇ ਵਿਅਕਤੀਗਤ ਉਦੇਸ਼ ਦੇ ਨਾਲ-ਨਾਲ ਸਿੱਖਿਆ ਦਾ ਸਮਾਜਿਕ ਉਦੇਸ਼ ਵੀ ਹੈ। ਇਸ ਉਦੇਸ਼ ਅਨੁਸਾਰ ਵਿਅਕਤੀ ਨੂੰ ਮਹੱਤਵ ਨਹੀਂ ਦਿੱਤਾ ਜਾਂਦਾ ਸਗੋਂ ਸਮਾਜ ਨੂੰ ਮਹਾਨ ਆਦਰਸ਼ ਮੰਨਿਆ ਜਾਂਦਾ ਹੈ। ਸਿੱਖਿਆ ਦੇ ਸਮਾਜਿਕ ਉਦੇਸ਼ ਦੇ ਸਮਰਥਕ ਇਹ ਗੱਲ ਮੰਨਦੇ ਹਨ ਕਿ ਕੋਈ ਵੀ ਵਿਅਕਤੀ ਸਮਾਜ ਤੋਂ ਅਲੱਗ ਨਹੀਂ ਰਹਿ ਸਕਦਾ ਅਤੇ ਨਾ ਹੀ ਸਮਾਜ ਤੋਂ ਬਿਨਾਂ ਉਸ ਦਾ ਵਿਕਾਸ ਹੋ ਸਕਦਾ ਹੈ। ਸਮਾਜ ਹੀ ਪ੍ਰਾਣੀ ਨੂੰ ਆਪਣੀ ਲੋੜ ਅਨੁਸਾਰ ਬਦਲਦਾ ਹੈ।

ਵਿਅਕਤੀ ਸਿੱਖਿਆ ਦੀ ਵਰਤੋਂ ਇਸ ਲਈ ਕਰਦਾ ਹੈ ਕਿ ਉਹ ਸਮਾਜ ਵਿਚ ਰਹਿ ਕੇ ਜੀਵਨ ਦੇ ਵੱਖ ਵੱਖ ਖੇਤਰਾਂ ਵਿਚ ਵਿਕਾਸ ਕਰ ਸਕੇ। ਪਾਠ-ਕ੍ਰਮ ਅਤੇ ਸਿੱਖਿਆ ਵਿਧੀ ਵੀ ਰਾਜ ਦੇ ਵਿਚ ਹੈ। ਜੇ ਕਿਸੇ ਵਿਅਕਤੀ ਦਾ ਕੋਈ ਵਿਅਕਤਿਤਵ ਹੈ ਤਾਂ ਉਹ ਸਮਾਜ ਦੇ ਰਾਜ ਵਿਚ ਹੀ ਪਲਦਾ ਹੈ। ਹਰੇਕ ਵਿਅਕਤੀ ਨੂੰ ਸਮਾਜ ਦੇ ਹਿੱਤ ਲਹੀ ਕੰਮ ਕਰਨਾ ਪੈਂਦਾ ਹੇ, ਵਿਅਕਤੀ ਦੀ ਆਪਣੀ ਇੱਛਾ ਨਹੀਂ

ਹੁੰਦੀ। ਉਸ ਨੂੰ ਸਮਾਜ ਦੀ ਇੱਛਾ ਅਨੁਸਾਰ ਚਲਣਾ ਪੈਂਦਾ ਹੈ। ਰਾਜ ਦੁਆਰਾ ਨਿਸ਼ਚਿਤ ਕੀਤੀ ਗਈ ਕਠੋਰ ਸਿੱਖਿਆ ਪ੍ਰਣਾਲੀ ਵਿਅਕਤੀ ਨੂੰ ਇਸ ਪ੍ਰਕਾਰ ਦੀ ਟਰੇਨਿੰਗ
ਦਿੰਦੀ ਹੈ ਕਿ ਵਿਅਕਤੀ ਰਾਜ ਦੇ ਹੁਕਮਾਂ ਦੀ ਪਾਲਣਾ ਕਰਦਾ ਰਹੇ। ਵਿਅਕਤੀ ਦੀਆਂ ਭਾਵਨਾਵਾਂ ਦੀ ਕੋਈ ਕਦਰ ਨਹੀਂ ਕੀਤੀ ਜਾਂਦੀ। ਰਾਜ ਦੀ ਭਲਾਈ ਲਈ ਸਿੱਖਿਆ ਦੀ ਇਹ ਵਿਚਾਰਧਾਰਾ ਸਾਨੂੰ ਸਮਾਜਵਾਦੀ ਦੇਸ਼ਾਂ ਵਿਚ ਆਮ ਮਿਲਦੀ ਹੇ। ਹਰੇਕ ਵਿਅਕਤੀ ਨੂੰ ਆਪਣੀਆਂ ਸਰੀਰਕ, ਮਾਨਸਿਕ, ਨੈਤਿਕ ਤੇ ਬੌਧਿਕ ਯੋਗਤਾਵਾਂ ਨੂੰ ਸਮਝਣ ਤੇ ਵਿਕਸਿਤ ਕਰਨ ਦੇ ਮੌਕੇ ਮਿਲਣੇ ਚਾਹੀਦੇ ਹਨ। ਇਸ ਵਿਚ ਨਾ ਹੀ ਵਾਤਾਵਰਣ ਵਲੋਂ ਕੋਈ ਰੁਕਾਵਟ ਹੋਣੀ ਚਾਹੀਦੀ ਹੈ ਨਾ ਸਮਾਜ ਵਲੋਂ। ਇਸ ਉਦੇਸ਼ ਦੇ ਸਮਰਥਕਾਂ ਅਨੁਸਾਰ ਵਿਅਕਤੀਆਂ ਨੂੰ ਆਪਣੀਆਂ ਸੰਪੂਰਨ ਸ਼ਕਤੀਆਂ ਦਾ ਵਿਕਾਸ ਕਰਨ ਦੀ ਟਰੇਨਿੰਗ ਦਿੱਤੀ ਜਾਣੀ ਚਾਹੀਦੀ ਹੈ।
ਜੀਵ ਵਿਗਿਆਨ ਅਨੁਸਾਰ ਹਰ ਇਕ ਵਿਅਕਤੀ ਦੂਸਰੇ ਨਾਲੋਂ ਵੱਖਰਾ ਹੁੰਦਾ ਹੈ। ਪ੍ਰੋ. ਜੀ. ਥਾਪਸਨ ਦਾ ਕਥਨ ਹੈ, ''ਸਿੱਖਿਆ ਵਿਅਕਤੀ ਲਈ ਹੁੰਦੀ ਹੈ ਅਤੇ ਇਸ ਦਾ ਉਦੇਸ਼ ਇਹ ਹੈ ਕਿ ਵਿਅਕਤੀ ਨੂੰ ਆਪਣੀ ਹੋਂਦ ਕਾਇਮ ਰੱਖਣ ਅਤੇ ਜੀਵਨ ਜੀਊਣ ਯੋਗ ਬਣਾਵੇ। ਸਿੱਖਿਆ ਵਿਅਕਤੀ ਦੇ ਜੀਵਨ ਨੂੰ ਸੁਰੱਖਿਅਤ ਕਰਨ ਲਈ ਦਿੱਤੀ ਜਾਂਦੀ ਹੈ। ਸਮਾਜ ਦੀ ਹੋਂਦ ਵਿਅਕਤੀ ਲਈ ਹੁੰਦੀ ਹੈ ਨਾ ਕਿ ਵਿਅਕਤੀ ਦੀ ਹੋਂਦ ਸਮਾਜ ਲਈ। ਸਮਾਜ ਸਾਧਨ ਹੈ ਅਤੇ ਵਿਅਕਤੀ ਉਦੇਸ਼। ਇਸ ਲਈ ਜ਼ਰੂਰੀ ਹੈ ਕਿ ਉਦੇਸ਼ ਨੂੰ ਸਾਧਨ ਨਾਲੋਂ ਜ਼ਿਆਦਾ ਮਹੱਤਤਾ ਦਿੱਤੀ ਜਾਵੇ। ਅੰਤ ਵਿੱਚ ਕਿਹਾ ਜਾ ਸਕਦਾ ਹੈ ਕਿ ਵਿਅਕਤੀ ਨੂੰ ਸਿੱਖਿਆ ਦੇ ਯਤਨਾਂ ਦਾ ਕੇਂਦਰ ਬਣਾਉਣਾ ਚਾਹੀਦਾ ਹੈ।''

### (I) ਸਮਾਜਿਕ ਉਦੇਸ਼ ਦੇ ਸੰਕੁਚਿਤ ਅਰਥ

ਇਸ ਉਦੇਸ਼ ਲਈ ਸਿੱਖਿਆ ਸਭ ਤੋਂ ਵੱਡਾ ਸਾਧਨ ਜਾਪਦਾ ਹੈ। ਇਹ ਰਾਜ ਹੀ ਹੈ ਜਿਸ ਤੋਂ ਆਸ ਕੀਤੀ ਜਾਂਦੀ ਹੈ ਕਿ ਉਹ ਸਿੱਖਿਆ ਦੀ ਠੋਸ ਪ੍ਰਣਾਲੀ ਲਾਗੂ ਕਰੇ। ਰੋਸ ਦੇ ਸ਼ਬਦਾਂ ਵਿੱਚ, ''ਸੰਕੇਤਕ ਸ਼ਬਦ ਸਦਾ ਹੀ ਅਨੁਸ਼ਾਸਨ, ਸੰਗਠਨ, ਖੁਸ਼ੀ ਨਾਲ ਪ੍ਰਭੂਤਾ ਦੀ ਪ੍ਰਵਾਨਗੀ ਅਤੇ ਵਿਅਕਤੀਗਤ ਨੂੰ ਉਪਗਮ ਕਰਨਾ ਹੈ। ਨਾਅਰਾ ਸਭ ਕੁਝ ਰਾਜ ਦਾ, ਸਭ ਕੁਝ ਰਾਜ ਲਈ ਅਤੇ ਸਭ ਕੁਝ ਰਾਜ ਵਲੋਂ ਹੈ।''

### (II) ਸਮਾਜਿਕ ਉਦੇਸ਼ ਦੇ ਵਿਸਤ੍ਰਿਤ ਅਰਥ

ਜਾਨ ਡਿਊਈ ਅਨੁਸਾਰ ਸਮਾਜਿਕ ਤੌਰ ਤੇ ਸਮਰੱਥ ਅਤੇ ਸੁਯੋਗ ਵਿਅਕਤੀ ਆਪਣੇ ਵਾਤਾਵਰਣ ਅਤੇ ਆਲੇ-ਦੁਆਲੇ ਨੂੰ ਕੰਟਰੋਲ ਕਰਨ ਅਤੇ ਸੰਭਾਵਨਾਵਾਂ ਨੂੰ ਪੂਰਾਕਰਨ ਦੇ ਯੋਗ ਹੋਵੇਗਾ। ਉਹ ਅੱਗੇ ਕਹਿੰਦਾ ਹੈ, ''ਸਮਾਜਿਕ ਜਾਗ੍ਰਿਤੀ ਸਿੱਖਿਆ ਦੁਆਰਾ ਆਉਂਦੀ ਹੈ।'' ਸਮਾਜਿਕ ਸੰਯੋਗਤਾ, ਮਨੁੱਖ ਦੇ ਜੀਵਨ ਵਿੱਚ ਸਫ਼ਲਤਾ ਦਾ ਮਾਪ ਹੈ। ਇਹ ਸਿੱਖਿਆ ਦਾ ਆਦਿ ਅਤੇ ਅੰਤ ਬਣ ਕੇ ਰਹਿ ਗਈ ਹੈ।
ਬਾਗਲੇ ਅਤੇ ਡਿਊਈ ਨੇ ਜੋ ਸਿੱਖਿਆ ਦੇ ਇਸ ਉਦੇਸ਼ ਦੇ ਮੁੱਖ ਹਮਾਇਤੀ ਹਨ। ਸਿੱਖਿਆ ਦੇ ਇਸ ਉਦੇਸ਼ ਨੂੰ ''ਸਮਾਜਿਕ ਸੇਵਾ'' ਅਤੇ ''ਸਮਾਜਿਕ ਸੁਯੋਗਤਾ'' ਦਾ ਨਾਂ ਦਿੱਤਾ ਹੈ।
ਰੂਸੋ ਅਤੇ ਟੀ.ਪੀ. ਨੰਨ ਵਰਗੇ ਪ੍ਰਕਿਰਤੀਵਾਦੀ ਲੇਖਕਾਂ ਦਾ ਵਿਚਾਰ ਹੈ ਕਿ ਸਿੱਖਿਆ ਦਾ ਮੁੱਖ ਉਦੇਸ਼ ਵਿਅਕਤੀ ਦਾ ਸੁਤੰਤਰ ਰੂਪ ਵਿਚ ਵਿਕਾਸ ਕਰਨਾ ਹੈ। ਇਸ ਲਈ ਸਿੱਖਿਆ ਪ੍ਰਕ੍ਰਿਤੀ ਅਨੁਸਾਰ ਹੋਣੀ ਚਾਹੀਦੀ ਹੈ। ਰੂਸੋ ਦਾ ਵਿਚਾਰ ਹੈ ਕਿ ਮਨੁੱਖ ਅਤੇ ਨਾਗਰਿਕ ਨੂੰ ਇਕ ਵੇਲੇ ਸਿੱਖਿਅਤ ਨਹੀਂ ਕੀਤਾ ਜਾ ਸਕਦਾ। ਉਸ ਅਨੁਸਾਰ ਸਮਾਜ ਬੁਰਾਈਆਂ ਨਾਲ ਭਰਿਆ ਹੋਇਆ ਹੈ ਅਤੇ ਹਰ ਇਕ ਬੱਚੇ ਨੂੰ

ਉਸ ਦੇ ਬਾਹਰ ਹੀ ਸਿੱਖਿਆ ਦੇਣੀ ਚਾਹੀਦੀ ਹੈ। ਸੱਚੀ ਸਿੱਖਿਆ ਉਹ ਹੈ ਜੋ ਵਿਅਕਤੀ ਦੇ ਅੰਦਰੋਂ ਉਤਪੰਨ ਹੁੰਦੀ ਹੈ। ਇਸ ਨਾਲ ਉਸ ਦੀਆਂ ਅੰਦਰਲੀਆਂ ਸ਼ਕਤੀਆਂ ਦਾ ਵਿਕਾਸ ਹੁੰਦਾ ਹੈ। ਪ੍ਰਕਿਰਤੀਵਾਦੀਆਂ ਅਨੁਸਾਰ ਸਿੱਖਿਆ ਦਾ ਉਦੇਸ਼ ਅਜਿਹੀਆਂ ਸਥਿਤੀਆਂ ਪੈਦਾ ਕਰਨਾ ਹੈ ਜਿਸ ਵਿਚ ਵਿਅਕਤਿਤਵ ਦਾ ਪੂਰਨ ਵਿਕਾਸ ਹੋ ਸਕੇ।ਮਨੁੱਖ ਠੀਕ ਢੰਗ ਨਾਲ ਮਾਨਵ ਜੀਵਨ ਵਿਚ ਆਪਣਾ ਮੌਲਿਕ ਹਿੱਸਾ ਪਾ ਸਕਣ।

ਮਨੋਵਿਗਿਆਨੀਆਂ ਦਾ ਮੱਤ ਹੈ ਕਿ ਸਿੱਖਿਆ ਇਕ ਵਿਅਕਤੀਗਤ ਪ੍ਰਕ੍ਰਿਆ ਹੈ। ਕੋਈ ਵੀ ਦੋ ਬੱਚੇ ਇਕੋ ਜਿਹੇ ਨਹੀਂ ਹੁੰਦੇ। ਸਿੱਖਿਆ ਨੂੰ ਇਹਨਾਂ ਵਿਅਕਤੀਗਤ ਭਿੰਨਤਾਵਾਂ ਵੱਲ ਧਿਆਨ ਦੇਣਾ ਚਾਹੀਦਾ ਹੈ। ਪੈਸਟਾਲੋਜੀ ਅਨੁਸਾਰ ਤਾਂ ਸਿੱਖਿਆ ਦਾ ਵਿਅਕਤੀਕਰਣ ਜ਼ਰੂਰੀ ਹੈ। ਸਿੱਖਿਆ ਦਾ ਇਹ ਕੰਮ ਹੋਣਾ ਚਾਹੀਦਾ ਹੈ ਕਿ ਉਹ ਬੱਚੇ ਅੰਦਰ ਲੁਕੀਆਂ ਸ਼ਕਤੀਆਂ ਦਾ ਵੱਧ ਤੋਂ ਵੱਧ ਵਿਕਾਸ ਕਰਨ ਦੇ ਯੋਗ ਹੋ ਜਾਣ। ਸਿੱਖਿਆ ਦੀ ਪ੍ਰਕ੍ਰਿਆ ਵਿਚ ਹਰ ਬੱਚੇ ਦਾ ਮਹੱਤਵਪੂਰਨ ਸਥਾਨ ਹੋਣਾ ਚਾਹੀਦਾ ਹੈ। ਅਧਿਆਪਕ ਤੇ ਪੁਸਤਕਾਂ ਤਾਂ ਕੇਵਲ ਵਿਅਕਤੀ ਦੇ ਅੰਦਰੂਨੀ ਮਾਰਗ ਤੇ ਪੱਥ ਪ੍ਰਦਰਸ਼ਨ ਦਾ ਚਿੰਨ੍ਹ ਮਾਤਰ ਹਨ। ਅਧਿਆਤਮਵਾਦੀਆਂ ਦਾ ਇਹ ਵਿਚਾਰ ਹੈ ਕਿ ਹਰ ਵਿਅਕਤੀ ਨੂੰ ਸਿੱਖਿਆ ਦੀ ਪ੍ਰਕ੍ਰਿਆ ਦੁਆਰਾ ਆਪਣੇ ਅਧਿਆਤਮਕ ਤੱਤ ਨੂੰ ਵਿਕਸਤ ਕਰਨਾ ਚਾਹੀਦਾ ਹੈ ਤਾਂ ਜੋ ਉਹ ਜੀਵਨ ਦੇ ਉਚੇ ਤੋਂ ਉਚੇ ਮੁੱਲਾਂ ਨੂੰ ਪ੍ਰਾਪਤ ਕਰ ਸਕਣ। ਇਸ ਦ੍ਰਿਸ਼ਟੀਕੋਣ ਅਨੁਸਾਰ ਵਿਅਕਤੀ ਦਾ ਪੂਰਨਤਾ ਵੱਧ ਵੱਧਣਾ ਹੀ ਸਿੱਖਿਆ ਦਾ ਉਦੇਸ਼ ਹੈ।

ਪ੍ਰਗਤੀਵਾਦੀਆਂ ਦਾ ਖਿਆਲ ਹੈ ਕਿ ਮਨੁੱਖ ਜਾਤੀ ਦਾ ਵਿਕਾਸ ਤੇ ਪ੍ਰਗਤੀ ਉਹਨਾਂ ਕੁਝ ਇਕ ਮਹਾਂਪੁਰਸ਼ਾਂ ਦੁਆਰਾ ਹੁੰਦੀ ਹੈ ਜੋ ਸਮੇਂ ਸਮੇਂ ਇਸ ਸੰਸਾਰ ਤੇ ਆਉਂਦੇ ਹਨ। ਅਜਿਹੇ ਮਹਾਂਪੁਰਸ਼ ਧਰਤੀ ਤੇ ਨਾ ਆਉਂਦੇ ਤਾਂ ਕਿਸੇ ਪ੍ਰਕਾਰ ਦੀ ਪ੍ਰਗਤੀ ਸੰਭਵ ਨਹੀਂ ਸੀ। ਇਸ ਲਈ ਸਿੱਖਿਆ ਦਾ ਉਦੇਸ਼ ਹੋਣਾ ਚਾਹੀਦਾ ਹੈ ਕਿ ਉਹ ਵਿਅਕਤੀ ਲਈ ਅਜਿਹੀਆਂ ਸਥਿਤੀਆਂ ਸਥਾਪਤ ਕਰੇ ਜਿਹਨਾਂ ਵਿਚ ਉਸ ਦੇ ਵਿਅਕਤਿਤਵ ਦਾ ਪੂਰਨ ਵਿਕਾਸ ਹੋ ਸਕੇ ਅਤੇ ਉਹ ਆਪਣੇ ਸੁਭਾਅ ਅਤੇ ਯੋਗਤਾ ਅਨੁਸਾਰ ਸਮੁੱਚੇ ਮਾਨਵ ਜੀਵਨ ਵਿਚ ਆਪਣਾ ਭਰਪੂਰ ਹਿੱਸਾ ਪਾ ਸਕੇ। ਜੇ ਵਿਅਕਤੀ ਪੂਰਨ ਤੌਰ ਤੇ ਵਿਕਸਿਤ ਹੋਵੇ ਤਾਂ ਸਮਾਜ ਆਪਣੇ ਆਪ ਹੀ ਵਿਕਸਿਤ ਹੋ ਜਾਵੇਗਾ।

ਜੇਕਰ ਸਮਾਜ ਦੀ ਉਨਤੀ ਕਰਨੀ ਹੈ ਤਾਂ ਸਿੱਖਿਆ ਦੁਆਰਾ ਵਿਅਕਤੀ ਦਾ ਸੁਤੰਤਰ ਵਿਕਾਸ ਹੋਣਾ ਚਾਹੀਦਾ ਹੈ। ਸੰਖੇਪ ਵਿੱਚ ਅਸੀਂ ਕਹਿ ਸਕਦੇ ਹਾਂ ਕਿ ਵਿਅਕਤੀ ਹੀ ਅਸਲੀਅਤ ਹੈ ਅਤੇ ਸਮਾਜ ਦੀ ਹੋਂਦ ਵਿਅਕਤੀ ਦੇ ਹਿੱਤ ਲਈ ਹੇ। ਰਾਜ ਵਿੱਚ ਸਿੱਖਿਆ ਦਾ ਉਦੇਸ਼ ਵਿਅਕਤੀ ਨੂੰ ਰਾਜ ਅਤੇ ਸਮਾਜ ਦੀ ਸੇਵਾ ਦੇ ਯੋਗ ਬਣਾਉਂਦਾ ਸੀ। ਆਧੁਨਿਕ ਯੁੱਗ ਵਿੱਚ ਹਿਟਲਰ ਦੀ ਜਰਮਨੀ ਅਤੇ ਮਸੋਲਿਨੀ ਦੀ ਇਟਲੀ ਵਿਚ ਵੀ ਪ੍ਰਚਲਿਤ ਸਿੱਖਿਆ ਪ੍ਰਣਾਲੀਆਂ ਵਿਚ ਸਮਾਜਿਕ ਉਦੇਸ਼ ਦੇ ਰੂਪ ਦੇਖੇ ਜਾ ਸਕਦੇ ਹਨ। ਅੰਤ ਵਿੱਚ ਅਸੀਂ ਕਹਿ ਸਕਦੇ ਹਾਂ ਕਿ ਸਮਾਜਿਕ ਉਦੇਸ਼ ਦੇ ਅਤਿਵਾਦੀ ਰੂਪ ਵਿਚ ਵਿਅਕਤੀ ਬਣਾਉਣ ਵਿੱਚ ਵਿਅਕਤੀ ਦਾ ਆਪਣਾ ਕੋਈ ਵਿਅਕਤਿਤਵ ਨਹੀਂ ਹੁੰਦਾ, ਰਾਜ ਹੀ ਨਿਸ਼ਚਿਤ ਕਰਦਾ ਹੈ ਕਿ ਵਿਅਕਤੀ ਨੇ ਕੀ ਕਰਨਾ ਹੈ ਅਤੇ ਉਸ ਦੇ ਅਨੁਸਾਰ ਹੀ ਵਿਅਕਤੀ ਆਪਣੀ ਯੋਗਤਾ ਅਤੇ ਸ਼ਕਤੀ ਦੀ ਵਰਤੋਂ ਕਰਦਾ ਹੈ।

### 1.4.5 ਸਮਾਜਿਕ ਉਦੇਸ਼ ਦਾ ਗਣਤੰਤਰੀ ਦ੍ਰਿਸ਼ਟੀਕੋਣ (Democratic view of Social Aims)

ਸਮਾਜਿਕ ਉਦੇਸ਼ਾਂ ਦਾ ਦੂਜਾ ਦ੍ਰਿਸ਼ਟੀਕੋਣ ਜ਼ਿਆਦਾ ਉਚਿਤ ਅਤੇ ਵਿਸਤਰਿਤ ਹੈ। ਗਣਤੰਤਰੀ ਦੇਸ਼ਾਂ ਵਿੱਚ ਸਿੱਖਿਆ ਦੇ ਸਮਾਜਿਕ ਉਦੇਸ਼ ਦੀ ਵਿਆਖਿਆ ਇਸ ਪ੍ਰਕਾਰ ਕੀਤੀ ਜਾਂਦੀ ਹੈ, ''ਸਮਾਜ ਸੇਵਾ ਜਾਂ ਨਾਗਰਿਕਤਾ ਲਈ ਸਿੱਖਿਆ।'' ਇਸ ਧਾਰਣਾ ਅਨੁਸਾਰ ਸਿੱਖਿਆ ਦਾ ਮੁੱਖ ਉਦੇਸ਼ ਵਿਅਕਤੀ ਦਾ ਸਮਾਜਿਕ ਹਿੱਤਾਂ ਦੇ ਅਨੁਕੂਲ ਵਿਕਾਸ ਕਰਨ ਹੈ। ਸਮਾਜ ਤਾਂ ਹੀ ਬਲਵਾਨ ਤੇ ਕੁਸ਼ਲ ਸਮਝਿਆ ਜਾ ਸਕਦਾ ਹੈ ਜਦ ਉਸ ਵਿਚ ਆਰਥਿਕ ਤੌਰ ਤੇ ਸਵੈ-ਬੌਧਿਕ, ਸ੍ਰੇਸ਼ਟ ਅਤੇ ਨੈਤਿਕ ਤੌਰ ਤੇ ਉਚੇ ਵਿਅਕਤੀ ਵਿਦਮਾਨ ਹੋਣਗੇ।

ਪ੍ਰੋ. ਜਾਨ ਡਿਊਈ, ਪ੍ਰੋ. ਬਾਗਲੇ ਤੇ ਮਹਾਤਮਾ ਗਾਂਧੀ ਜੀ ਇਸ ਵਿਚਾਰਧਾਰਾ ਦੇ ਸਮਰਥਕ ਸਨ। ਜਾਨ ਡਿਊਈ ਦਾ ਵਿਸ਼ਵਾਸ ਹੈ ਕਿ ਸਮਾਜਿਕ ਕੰਮਾਂ ਵਿਚ ਕੁਸ਼ਲ ਵਿਅਕਤੀ ਵਿਚ ਆਪਣੇ ਵਾਤਾਵਰਣ ਉਤੇ ਨਿਯੰਤਰਣ ਕਰਨ ਅਤੇ ਆਪਣੀਆਂ ਸੰਭਾਵਨਾਵਾਂ ਨੂੰ ਪੂਰਾ ਕਰਨ ਦੀ ਯੋਗਤਾ ਹੁੰਦੀ ਹੈ। ਇਸ ਲਈ ਸਮਾਜਿਕ ਕੁਸ਼ਲਤਾ ਹੀ ਵਿਅਕਤੀ ਦੇ ਜੀਵਨ ਦੀ ਸਫਲਤਾ ਦਾ ਨਾਪ ਹੈ। ਅਸਲ ਵਿੱਚ ਇਕ ਪੜ੍ਹਿਆ ਲਿਖਿਆ ਸੁਚੱਜਾ ਵਿਅਕਤੀ ਉਹ ਹੈ ਜੋ ਰੋਜ਼ਗਾਰ ਵਲੋਂ ਸੁਤੰਤਰ ਹੋਵੇ, ਸੰਸਕ੍ਰਿਤਕ ਪੱਖ ਵਲੋਂ ਪਸ਼ੂਆਂ ਤੋਂ ਉਚਾ ਹੋਵੇ।

ਅੱਜਕਲ੍ਹ ਸਿੱਖਿਆ ਦੇ ਸਮਾਜਿਕ ਉਦੇਸ਼ਾਂ ਦਾ ਮਸਰਥਨ ਕੀਤਾ ਜਾ ਰਿਹਾ ਹੈ। ਭਾਰਤ ਦੇਸ਼ ਵਿੱਚ ਰਾਸ਼ਟਰੀ ਏਕਤਾ ਤੇ ਜ਼ੋਰ ਦੇਣ ਲਈ ਸਿੱਖਿਆ ਦਿੱਤੀ ਜਾਂਦੀ ਹੈ। ਸਾਨੂੰ ਹਮੇਸ਼ਾਂ ਆਪਣੇ ਵਿਅਕਤੀਗਤ ਹਿੱਤਾਂ ਨੂੰ ਰਾਸ਼ਟਰੀ ਹਿੱਤ ਦੇ ਅਧੀਨ ਰਖਣਾ ਚਾਹੀਦਾ ਹੈ। ਇਸ ਵਿਚਾਰਧਾਰਾ ਅਨੁਸਾਰ ਸਿੱਖਿਆ ਦਾ ਮੁੱਖ ਉਦੇਸ਼ ਸਮਾਜ ਦੀ ਸੇਵਾ ਕਰਨਾ ਹੈ। ਵਿਦਿਆਰਥੀਆਂ ਨੂੰ ਇਸ ਪ੍ਰਕਾਰ ਦੀ ਸਿਖਲਾਈ ਦੇਣੀ ਚਾਹੀਦੀ ਹੈ ਕਿ ਉਹ ਅਜਿਹੀ ਸੇਵਾ ਕਰਨ ਲਈ ਹਮੇਸ਼ਾ ਤਿਆਰ ਰਹਿਣ। ਸਕੂਲਾਂ ਦਾ ਕਰਤੱਵ ਹੋਣਾ ਚਾਹੀਦਾ ਹੈ ਕਿ ਉਹ ਬੱਚਿਆਂ ਦੀਆਂ ਪ੍ਰਵਿਰਤੀਆਂ ਅਤੇ ਸੁਭਾਅ ਨੂੰ ਇਸ ਤਰ੍ਹਾਂ ਢਾਲਣ ਦਾ ਯਤਨ ਕਰਨ ਜਿਸ ਨਾਲ ਉਹ ਸਭ ਪੱਖੋਂ ਪੂਰਨ ਸਮਾਜ ਵਿੱਚ ਸ਼ਾਂਤੀ ਨਾਲ ਜੀਵਨ ਬਤੀਤ ਕਰ ਸਕਣ।

#### 1.4.5.1 ਆਲੋਚਨਾ (Critism)

ਸਿੱਖਿਆ ਦੇ ਸਮਾਜਿਕ ਉਦੇਸ਼ ਦੇ ਸਮਰਥਕਾਂ ਨੂੰ ਦੋ ਵਰਗਾਂ ਵਿੱਚ ਵੰਡਿਆ ਗਿਆ ਹੈ। ਪਹਿਲੀ ਪ੍ਰਕਾਰ ਦੇ ਵਰਗ ਵਿਚ ਉਹ ਸਮਰਥਕ ਸ਼ਾਮਲ ਹਨ ਜੋ ਰਾਜ ਨੂੰ ਹੀ ਸਭ ਕੁਝ ਸਮਝਦੇ ਹਨ, ਵਿਅਕਤੀ ਨੂੰ ਆਪਣੇ ਵਿਅਕਤਿਤਵ ਦੇ ਵਿਕਾਸ ਲਈ ਕੋਈ ਮੌਕਾ ਨਹੀਂ ਮਿਲਦਾ। ਇਸ ਦ੍ਰਿਸ਼ਟੀਕੋਣ ਅਨੁਸਾਰ ਮਨੁੱਖ ਆਪਣੀਆਂ ਮੁੱਢਲੀਆਂ ਲੋੜਾਂ ਤਾਂ ਪੂਰੀਆਂ ਕਰ ਸਕਦਾ ਹੈ ਪਰੰਤੂ ਉਸ ਨੂੰ ਆਪਣੇ ਵਿਅਕਤਿਤਵ ਦੇ ਵਿਚਾਰ ਪ੍ਰਗਟਾਉਣ ਦੀ ਕੋਈ ਸੁਤੰਤਰਤਾ ਨਹੀਂ ਹੁੰਦੀ। ਵਿਅਕਤੀ ਦੀਆਂ ਸਿਰਜਨਾਤਮਕ ਸ਼ਕਤੀਆਂ ਤੇ ਪਾਬੰਦੀਆਂ ਲਗਾ ਦਿੱਤੀਆਂ ਜਾਂਦੀਆਂ ਹਨ। ਵਿਅਕਤੀ ਸਰਕਾਰ ਦਾ ਇਕ ਸਾਧਨ ਮਾਤਰ ਬਣ ਕੇ ਰਹਿ ਜਾਂਦਾ ਹੈ। ਉਸ ਦਾ ਕਰਤੱਵ ਇਹ ਹੁੰਦਾ ਹੈ ਕਿ ਉਹ ਸਰਕਾਰ ਦੀ ਨਿਯਮਿਤ ਰੂਪ ਵਿੱਚ ਪਾਲਣਾ ਕਰੇ। ਅਜਿਹੀ ਸਿੱਖਿਆ ਤੰਗ ਨਾਗਰਿਕਤਾ ਦੀ ਭਾਵਨਾ ਪੈਦਾ ਕਰਦੀ ਹੈ। ਇਸ ਤੋਂ ਗਲਤ ਦੇਸ਼ ਭਾਵਨਾ ਦਾ ਵਿਕਾਸ ਹੋ ਸਕਦਾ ਹੈ।

## 1.4.6 ਵਿਅਕਤੀਗਤ ਅਤੇ ਸਮਾਜਿਕ ਉਦੇਸ਼ਾਂ ਦਾ ਸੰਸਲੇਸ਼ਣ (Synthesis of Individual and Social Aims)

ਸਿੱਖਿਆ ਦੇ ਉਪਰ ਦਿੱਤੇ ਦੋਵੇਂ ਉਦੇਸ਼ ਵਿਰੋਧੀ ਪ੍ਰਤੀਤ ਹੁੰਦੇ ਹਨ। ਵਿਅਕਤੀਗਤ ਅਤੇ ਸਮਾਜਿਕ ਉਦੇਸ਼ਾਂ ਦੇ ਅਤਿਵਾਦੀ ਰੂਪਾਂ ਦਾ ਆਪਸ ਵਿੱਚ ਸੁਮੇਲ ਨਹੀਂ ਹੋ ਸਕਦਾ ਪਰੰਤੂ ਜੇ ਦੋਹਾਂ ਦਾ ਡੂੰਘਾਈ ਨਾਲ ਅਧਿਐਨ ਕੀਤਾ ਜਾਵੇ ਤਾਂ ਅਜਿਹਾ ਸੁਮੇਲ ਸੰਭਵ ਹੋ ਸਕਦਾ ਹੈ ਜਿਸ ਵਿੱਚ ਵਿਅਕਤਿਤਵ ਵੀ ਬਣਿਆ ਰਹੇ ਅਤੇ ਸਮਾਜ ਵੀ। ਵਿਅਕਤੀ ਸਮਾਜ ਦੀ ਉਪਜ ਹੈ ਜਦੋਂ ਖੁਦ ਸਮਾਜ ਦੀ ਪ੍ਰਗਤੀ ਇਸ ਦੇ ਮੈਂਬਰਾਂ ਦੇ ਵਿਅਕਤੀਗਤ ਵਿਕਾਸ ਤੇ ਨਿਰਭਰ ਹੁੰਦੀ ਹੈ। ਵਿਅਕਤੀ ਦੇ ਵਿਕਾਸ ਅਤੇ ਉਸ ਦੇ ਵਾਧੇ ਲਈ ਸਮਾਜਿਕ ਮਾਧਿਅਮ ਜ਼ਰੂਰੀ ਹੈ। ਇਸੇ ਤਰ੍ਹਾਂ ਸਮਾਜ ਦੀ ਪ੍ਰਗਤੀ ਲਈ ਵਿਅਕਤੀਆਂ ਦਾ ਵਿਕਾਸ ਜ਼ਰੂਰੀ ਹੈ। ਦੋਨਾਂ ਦੀ ਹੋਂਦ ਵਾਸਤਵਿਕ ਹੈ ਅਤੇ ਦੋਵੇਂ ਇਕ ਦੂਜੇ ਦੇ ਪੂਰਕ ਹਨ। ਰੂਸੋ ਦੀ ਇਸ ਗੱਲ ਨਾਲ ਕੋਈ ਘੱਟ ਹੀ ਸਹਿਮਤ ਹੁੰਦਾ ਹੈ ਕਿ ਵਿਅਕਤੀ ਅਤੇ ਨਾਗਰਿਕ ਵਿਚੋਂ ਕਿਸੇ ਇਕ ਨੂੰ ਚੁਣੋ ਤੁਸੀਂ ਦੋਹਾਂ ਨੂੰ ਸਿੱਖਿਅਤ ਨਹੀਂ ਕਰ ਸਕਦੇ। ਅਸਲ ਵਿੱਚ ਚੰਗੇ ਵਿਅਕਤੀ ਹੀ ਚੰਗੇ ਨਾਗਰਿਕ ਬਣ ਸਕਦੇ ਹਨ। ਅਜੋਕੇ ਯੁੱਗ ਵਿੱਚ ਸਿੱਖਿਆ ਦਾ ਉਦੇਸ਼ ਸਮਾਜ ਦਾ ਇਕ ਅੰਗ ਹੋਣ ਦੇ ਨਾਤੇ ਵਿਅਕਤੀ ਦਾ ਪੂਰਨ ਵਿਕਾਸ ਕਰਨਾ ਹੈ।

ਇਸ ਲਈ ਇਹ ਕਿਹਾ ਜਾ ਸਕਦਾ ਹੈ ਕਿ ਵਿਅਕਤੀ ਅਤੇ ਸਮਾਜ ਦੋਵੇਂ ਹੀ ਮਹੱਤਵਪੂਰਨ ਹਨ। ਦੋਵੇਂ ਹੀ ਇਕ ਦੂਜੇ ਦੇ ਪੂਰਕ ਹਨ। ਇਕ ਤੋਂ ਬਿਨਾਂ ਦੂਜਾ ਮੁਕੰਮਲ ਨਹੀਂ। ਦੋਹਾਂ ਦਾ ਆਪਸ ਵਿੱਚ ਗੂੜ੍ਹਾ ਸਬੰਧ ਹੈ। ਹਰ ਇਕ ਵਿਅਕਤੀ ਸੰਸਾਰ ਵਿਚ ਜਨਮ ਲੈਂਦਾ ਹੈ ਅਤੇ ਸਮਾਜ ਵਿਚ ਹੀ ਰਹਿੰਦਾ ਹੈ, ਇਸ ਲਈ ਉਸ ਨੂੰ ਕੇਵਲ ਸਮਾਜ ਵਿਚ ਰਹਿ ਕੇ ਹੀ ਵਿਕਾਸ ਕਰਨਾ ਹੁੰਦਾ ਹੈ। ਸਗੋਂ ਉਸ ਦੀਆਂ ਸਾਰੀਆਂ ਘਟਨਾਵਾਂ ਮਾਨਤਾਵਾਂ ਨੂੰ ਪ੍ਰਵਾਨ ਕਰਨਾ ਮੁਸ਼ਕਲ ਹੈ। ਆਦਰਸ਼ ਵਿਅਕਤੀ ਆਪਸ ਵਿਚ ਇਸ ਤਰ੍ਹਾਂ ਸੰਬੰਧਿਤ ਹਨ ਕਿ ਦੋਹਾਂ ਨੂੰ ਇਕ ਦੂਜੇ ਤੋਂ ਅਲੱਗ ਕਰਨਾ ਮੁਸ਼ਕਲ ਹੈ। ਆਦਰਸ਼ ਸਥਿਤੀਆਂ ਵਿੱਚ ਵਿਅਕਤੀਗਤ ਅਤੇ ਸਮਾਜਿਕ ਹਿੱਤਾਂ ਦਾ ਆਪਸ ਵਿੱਚ ਕੋਈ ਵਿਰੋਧ ਨਹੀਂ ਹੁੰਦਾ। ਸਿੱਖਿਆ ਦਾ ਉਦੇਸ਼ ਸਮਾਜ ਦੇ ਮੈਂਬਰ ਦੇ ਰੂਪ ਵਿਚ ਵਿਅਕਤੀ ਦਾ ਸਰਵਪੱਖੀ ਵਿਕਾਸ ਕਰਨਾ ਹੈ। ਵਿਅਕਤੀ, ਦਾ ਸਮਾਜੀਕਰਨ ਅਤੇ ਉਸ ਦੇ ਵਿਅਕਤਿੱਤਵ ਦਾ ਪੂਰਨ ਵਿਕਾਸ ਨਾਲ-ਨਾਲ ਹੋਣਾ ਚਾਹੀਦਾ ਹੈ ਕਿਉਂਕਿ ਦੋਵੇਂ ਇਕ ਦੂਜੇ ਤੋਂ ਬਿਨਾਂ ਅਧੂਰੇ ਹਨ।

ਇਸ ਗੱਲ ਤੋਂ ਇਹ ਸਿੱਟਾ ਨਿਕਲਦਾ ਹੈ ਕਿ ਸਿੱਖਿਆ ਦੇ ਵਿਅਕਤੀਗਤ ਤੇ ਸਮਾਜਿਕ ਉਦੇਸ਼ ਦੋਵੇਂ ਇਕ ਦੂਜੇ ਦੇ ਸਹਾਇਕ ਹਨ। ਜੇ ਦੋਵਾਂ ਨੂੰ ਅਤਿ ਦੀ ਅਵਸਥਾ ਵਿਚ ਲਿਆਇਆ ਜਾਵੇ ਤਾਂ ਇਹ ਇਕ ਦੂਜੇ ਦੇ ਉਲਟ ਹਨ ਪਰੰਤੂ ਅਸਲ ਵਿੱਚ ਇਹ ਦੋਵੇਂ ਇਕ ਦੂਜੇ ਦੇ ਸਹਾਇਕ ਹਨ। ਟੈਗੋਰ ਦੇ ਕਥਨ ਅਨੁਸਾਰ, ''ਬੱਚਿਆਂ ਵਿੱਚ ਕੁਝ ਕਾਰਜਸ਼ੀਲ ਅਨੁਭਵ ਲੁਪਤ ਹੁੰਦੇ ਹਲ। ਜਿਵੇਂ ਕੋਈ ਦਰੱਖਤ ਆਪਣੇ ਆਂਢ-ਗੁਆਂਢ ਤੋਂ ਖੁਰਾਕ ਜਾਂ ਪਾਣੀ ਖਿੱਚਣ ਦੀ ਸ਼ਕਤੀ ਰੱਖਦਾ ਹੈ ਉਸੇ ਤਰ੍ਹਾਂ ਬੱਚੇ ਆਪਣੇ ਸਮਾਜਿਕ ਵਾਤਾਵਰਨ ਤੋਂ ਪ੍ਰਭਾਵਿਤ ਹੁੰਦੇ ਹਨ।'' ਉਨ੍ਹਾਂ ਦੇ ਲਈ ਸਮਾਜਿਕ ਵਾਤਾਵਰਨ, ਨਿਯਮ, ਵਿਧੀਆਂ, ਜਮਾਤ ਦੀ ਪੜ੍ਹਾਈ ਆਦਿ ਪਾਠ-ਕ੍ਰਮ ਦੀਆਂ ਪੁਸਤਕਾਂ ਨਾਲੋਂ ਜ਼ਿਆਦਾ ਮਹਾਨਤਾ ਰੱਖਦੇ ਹਨ।

### 1.4.7 ਸਿੱਟਾ (Conclusion)

ਸਿੱਖਿਆ ਇੱਕ ਸੰਜੀਵ ਪ੍ਰਕ੍ਰਿਆ ਜਿਸ ਦਾ ਕੋਈ ਨਾ ਕੋਈ ਉਦੇਸ਼ ਹੁੰਦਾ ਹੈ। ਸਿੱਖਿਆ ਦੇ ਉਦੇਸ਼ ਨੂੰ ਨਿਰਧਾਰਤ ਕਰਨ ਲਈ ਕਈ ਤੱਤ ਹਿੱਸਾ ਪਾਉਂਦੇ ਹਨ, ਜਿਵੇਂ ਪ੍ਰਚਲਿਤ ਦਰਸ਼ਨ ਜਾਂ ਵਾਸਤਵਿਕਤਾ ਦਾ ਪ੍ਰਕ੍ਰਿਤੀ ਸਬੰਧੀ ਦ੍ਰਿਸ਼ਟੀਕੋਣ, ਮਾਨਵ ਪ੍ਰਕ੍ਰਿਤੀ ਬਾਰੇ ਵਿਚਾਰ, ਵਿਅਕਤੀ ਤੇ ਰਾਜ ਦੇ ਆਪਸੀ ਸਬੰਧ, ਸਮਾਜਿਕ ਆਰਥਿਕ ਸਮੱਸਿਆਵਾਂ ਅਤੇ ਗਿਆਨ ਦੀ ਖੋਜ ਆਦਿ।

ਪ੍ਰਾਚੀਨ ਕਾਲ ਤੋਂ ਗਿਆਨ ਪ੍ਰਾਪਤੀ ਹੀ ਸਿੱਖਿਆ ਦਾ ਮੁੱਖ ਉਦੇਸ਼ ਰਿਹਾ ਹੈ। ਅਜੋਕੇ ਵਿਗਿਆਨ ਦੇ ਯੁੱਗ ਵਿੱਚ ਗਿਆਨ ਦੀ ਪ੍ਰਾਪਤੀ ਦੇ ਨਾਲ ਨਾਲ ਗਿਆਨ ਦੀ ਸੁਚੱਜੀ ਵਰਤੋਂ ਤੇ ਜ਼ੋਰ ਦਿੱਤਾ ਜਾਂਦਾ ਹੈ। ਸਿੱਖਿਆ ਨੂੰ ਸੰਪੂਰਨ ਤੇ ਸਾਰਥਕ ਬਣਾਉਣ ਲਈ ਗਿਆਨ ਦੀ ਸੁਚੱਜੀ ਵਰਤੋਂ ਤੇ ਵੀ ਜ਼ੋਰ ਦਿੱਤਾ ਜਾਂਦਾ ਹੈ ਤਾਂ ਕਿ ਬੱਚੇ ਦਾ ਹਰ ਪੱਖੋਂ ਵਿਕਾਸ ਹੋ ਸਕੇ। ਰੁਜ਼ਗਾਰ ਸਬੰਧੀ ਉਦੇਸ਼ ਨੂੰ ਵੀ ਕਾਫੀ ਮਹੱਤਵਪੂਰਨ ਸਥਾਨ ਪ੍ਰਾਪਤ ਹੈ। ਸਿੱਖਿਆ ਦਾ ਉਦੇਸ਼ ਵਿਅਕਤੀ ਨੂੰ ਆਤਮ ਨਿਰਭਰ ਬਣਾਉਣਾ ਹੈ। ਗਾਂਧੀ ਜੀ ਨੇ ਸਿੱਖਿਆ ਦੇ ਵਿਵਸਾਇਕ ਉਦੇਸ਼ ਤੇ ਬਹੁਤ ਜ਼ੋਰ ਦਿੱਤਾ ਹੈ। ਉਨ੍ਹਾਂ ਅਨੁਸਾਰ ਸਿੱਖਿਆ ਉਦਯੋਗ ਰਾਹੀਂ ਦੇਣੀ ਚਾਹੀਦੀ ਹੈ। ਸਿੱਖਿਆ ਦਾ ਸਭਿਆਚਾਰਕ ਉਦੇਸ਼ ਵੀ ਮਹੱਤਵਪੂਰਨ ਹੈ। ਸਿੱਖਿਆ ਦਾ ਉਦੇਸ਼ ਚੰਗੇ ਮਨੁੱਖਾਂ ਦਾ ਨਿਰਮਾਣ ਕਰਨਾ ਹੁੰਦਾ ਹੈ ਜੋ ਕਿ ਸਮਾਜ ਵਿੱਚ ਉਚਾ ਦਰਜਾ ਪ੍ਰਾਪਤ ਕਰ ਸਕਣ, ਜੋ ਆਪਣੀ ਸੰਸਕ੍ਰਿਤੀ ਨਾਲ ਪਿਆਰ ਕਰਨ ਤੇ ਸਮਾਜਿਕ ਕਦਰਾਂ-ਕੀਮਤਾਂ ਅਨੁਸਾਰ ਆਪਣੇ ਜੀਵਨ ਦਾ ਵਿਕਾਸ ਕਰਨ। ਸਰਵਪੱਖੀ ਵਿਕਾਸ ਦਾ ਉਦੇਸ਼ ਵੀ ਅਤਿਅੰਤ ਮਹੱਤਵਪੂਰਨ ਹੈ। ਹਰੇਕ ਬੱਚੇ ਦੇ ਸੰਤੁਲਿਤ ਵਿਕਾਸ ਲਈ ਉਸ ਦਾ ਸਰਵ-ਪੱਖੀ ਵਿਕਾਸ ਹੋਣਾ ਜ਼ਰੂਰੀ ਹੈ। ਸਰਵ-ਪੱਖੀ ਵਿਕਾਸ ਵਿੱਚ ਜੀਵਨ ਦੇ ਸਾਰੇ ਪੱਖ ਸ਼ਾਮਲ ਹੁੰਦੇ ਹਨ। ਸਿੱਖਿਆ ਦਾ ਉਦੇਸ਼ ਵਿਅਕਤੀ ਨੂੰ ਸਮਾਜਿਕ ਅਤੇ ਰਾਜਨੀਤਿਕ ਕਰਤੱਵਾਂ ਨੂੰ ਚੰਗੀ ਤਰ੍ਹਾਂ ਨਿਭਾਉਣ ਲਈ ਤਿਆਰ ਕਰਨਾ ਹੈ।

ਵਿਅਕਤੀਗਤ ਉਦੇਸ਼ ਤੇ ਸਮਾਜਿਕ ਉਦੇਸ਼ ਇੱਕ ਦੂਜੇ ਦੇ ਪੂਰਕ ਹਨ। ਨਾ ਹੀ ਵਿਅਕਤੀ ਨੂੰ ਸਮਾਜ ਤੋਂ ਅਲੱਗ ਕੀਤਾ ਜਾ ਸਕਦਾ ਹੈ ਤੇ ਨਾ ਹੀ ਵਿਅਕਤੀਆਂ ਤੋਂ ਬਿਨਾਂ ਸਮਾਜ ਦੀ ਕੋਈ ਹੋਂਦ ਸੋਚੀ ਜਾ ਸਕਦੀ ਹੈ।

### 1.4.8 ਸਵੈ-ਮੁਲਾਂਕਣ ਅਭਿਆਸ (Self-Assessment Exercise)

(1) ਸਿੱਖਿਆ ਇਕ ਲਗਾਤਾਰ ਚਲਣ ਵਾਲੀ ਪ੍ਰਕ੍ਰਿਆ ਹੈ? ਹਾਂ/ਨਹੀਂ

(2) ਸਿੱਖਿਆ ਨਾਲ ਬੱਚੇ ਦਾ ਬਹੁ-ਪੱਖੀ ਵਿਕਾਸ ਨਹੀਂ ਹੁੰਦਾ। ਹਾਂ/ਨਹੀਂ

(3) ਸਿੱਖਿਆ ਦਾ ਮੁੱਖ ਉਦੇਸ਼ ਰੁਜ਼ਗਾਰ ਦਿਵਾਉਣਾ ਹੈ। ਹਾਂ/ਨਹੀਂ

(4) ਰੋਟੀ ਕਮਾਉਣਾ ਜੀਵਨ ਦਾ ਇਕ ਭਾਗ ਹੈ। ਹਾਂ/ਨਹੀਂ

(5) ਸਰਬ-ਪੱਖੀ ਵਿਕਾਸ ਨੂੰ ਮਾਪਣ ਦਾ ਕੋਈ ਤਰੀਕਾ ਨਹੀਂ ਹੈ। ਹਾਂ/ਨਹੀਂ

**ਕੁੰਜੀ :** (1) ਹਾਂ, (2) ਨਹੀਂ (3) ਨਹੀਂ, (4) ਹਾਂ, (5) ਨਹੀਂ

### 1.4.9 ਸੁਝਾਏ ਪ੍ਰਸ਼ਨ (Suggested Questions)

(1) ਸਿੱਖਿਆ ਦੇ ਉਦੇਸ਼ ਕਿਹੜੇ-ਕਿਹੜੇ ਹੋਣੇ ਚਾਹੀਦੇ ਹਨ? ਉਹਨਾਂ ਬਾਰੇ ਵਰਣਨ ਕਰੋ।

(2) ਸਿੱਖਿਆ ਦੇ ਵਿਅਕਤੀਗਤ ਅਤੇ ਸਮਾਜਿਕ ਉਦੇਸ਼ਾਂ ਵਿੱਚ ਤਾਲਮੇਲ ਕਿਵੇਂ ਕੀਤਾ ਜਾ ਸਕਦਾ ਹੈ?

(3) ਆਧੁਨਿਕ ਭਾਰਤ ਵਿੱਚ ਸਿੱਖਿਆ ਦੇ ਉਦੇਸ਼ਾਂ ਤੇ ਚਾਨਣਾ ਪਾਓ?

## 1.4.10 ਸੁਝਾਈ ਪੁਸਤਕਾਂ (Suggested Books)


1. ਭਾਟੀਆ ਅਤੇ ਨਾਰੰਗ : *ਸਿੱਖਿਆ ਦੇ ਸਿਧਾਂਤ ਤੇ ਵਿਧੀਆਂ*
2. ਸਫਾਇਆ ਅਤੇ ਸ਼ੈਦਾ : *ਸਿੱਖਿਆ ਦੇ ਸਿਧਾਂਤ ਤੇ ਵਿਧੀਆਂ*
3. ਕਾਂਸਲ, ਐਮ.ਆਰ. : *ਸਿੱਖਿਆ ਦੇ ਸਿਧਾਂਤ*
4. ਸੋਢੀ, ਟੀ.ਐਸ. : *ਵਿਦਿਆ ਦੇ ਸਿਧਾਂਤ*